ਬੁੱਧਵਾਰ, 21 ਅਕਤੂਬਰ, 2026
5 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 141

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 21 OCTOBER, 2026 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12

# ਝੋਟਾ ਕਤਲ ਕੇਸ 'ਚ ਸੀ ਬੀ ਆਈ ਦੀ ਐਂਟਰੀ

## ਸ਼ਾਹ ਨੂੰ ਸ਼ਹੀਦ ਕਿਸਾਨਾਂ ਦੇ ਪਰਵਾਰ ਕਦੇ ਚੇਤੇ ਨਹੀਂ ਆਏ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**



ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਪਰਵਿੰਦਰ ਸਿੰਘ ਝੋਟਾ ਕਤਲ ਕਾਂਡ ਦੀ ਸੀ ਬੀ ਆਈ ਜਾਂਚ ਦੀ ਸਿਫਾਰਸ਼ ਕਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਐੱਕਸ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਰਕਾਰ ਝੋਟਾ ਦੇ ਪਿਤਾ ਅਤੇ ਪਰਵਾਰ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਉਨ੍ਹਾ ਦੱਸਿਆ ਕਿ ਇਹ ਕੇਸ ਸੀ ਬੀ ਆਈ ਨੂੰ ਸੌਂਪਣ ਦਾ ਫੈਸਲਾ ਪੀੜਤ ਪਰਵਾਰ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ।

ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪੰਜਾਬ ਫੇਰੀ 'ਤੇ ਸਵਾਲ ਚੁੱਕਦਿਆਂ ਭਾਜਪਾ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਸਲਾਹ ਦਿੱਤੀ ਹੈ। ਉਨ੍ਹਾ ਕਿਹਾ ਕਿ ਭਾਜਪਾ ਸ਼ਾਸਤ ਸੂਬਿਆਂ ਵਿੱਚ ਗੈਂਗਸਟਰ ਤੇ ਨਸ਼ਾ ਵਧ-ਫੁੱਲ ਰਿਹਾ ਹੈ ਅਤੇ ਹਰਿਆਣਾ ਗੈਂਗਸਟਰਾਂ ਦੀ ਨਰਸਰੀ ਬਣ ਗਿਆ ਹੈ। ਉਨ੍ਹਾ ਵੀਡੀਓ ਸੁਨੇਹੇ ਵਿੱਚ ਕਿਹਾ ਕਿ ਜਦੋਂ ਦਿੱਲੀ ਅੰਦੋਲਨ ਵਿੱਚ ਪੰਜਾਬ ਦੇ 700 ਕਿਸਾਨ ਸ਼ਹੀਦ ਹੋ ਗਏ ਸਨ ਤਾਂ ਉਸ ਵੇਲੇ ਅਮਿਤ ਸ਼ਾਹ ਉਨ੍ਹਾਂ ਪਰਵਾਰਾਂ ਨਾਲ ਦੁੱਖ ਵੰਡਾਉਣ ਕਿਉਂ ਨਹੀਂ ਆਏ ਸਨ। ਉਨ੍ਹਾ ਕਿਹਾ ਕਿ ਭਾਜਪਾ ਚੋਣਾਂ ਕਰਕੇ ਹੁਣ ਹੋਛੀ ਸਿਆਸਤ 'ਤੇ ਉੱਤਰ ਆਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੋ ਭਾਜਪਾ ਹੁਣ ਪੰਜਾਬ ਦੇ ਫਿਕਰ ਦਾ ਢੌਂਗ ਕਰ ਰਹੀ ਹੈ, ਉਸ ਨੂੰ ਉਦੋਂ ਤਾਂ ਪੰਜਾਬ ਦੀ ਚਿੰਤਾ ਨਹੀਂ ਹੋਈ, ਜਦੋਂ ਪੰਜਾਬ ਦੇ ਹੱਕਾਂ 'ਤੇ ਡਾਕੇ ਮਾਰੇ ਗਏ। ਉਨ੍ਹਾ ਬੀ ਬੀ ਐੱਮ ਬੀ ਵਿੱਚ ਪੰਜਾਬ ਦੀ ਨੁਮਾਇੰਦਗੀ ਵਿੱਚ ਕਟੌਤੀ, ਚੰਡੀਗੜ੍ਹ ਸੈਨੇਟ ਵਿੱਚ ਕੱਟ ਅਤੇ ਪਾਣੀਆਂ ਦੇ ਹੱਕ ਦੀ ਅਣਦੇਖੀ ਦੀ ਮਿਸਾਲ ਦਿੱਤੀ। ਮੁੱਖ ਮੰਤਰੀ ਨੇ ਐੱਨ ਡੀ ਪੀ ਐੱਸ ਕਾਨੂੰਨ ਨੂੰ ਸਖਤ ਕੀਤੇ ਜਾਣ ਦੀ ਮੰਗ ਕੀਤੀ ਅਤੇ ਇਹ ਵੀ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਪੰਜਾਬ ਨੂੰ ਇਮੋਸ਼ਨਲ ਬਲੈਕਮੇਲ ਕਰਨ ਵਿੱਚ ਜੁਟੇ ਹਨ, ਪਰ ਪੰਜਾਬੀ ਭਾਜਪਾ ਦੀ ਧੱਕੇਸ਼ਾਹੀ ਨੂੰ ਭੁੱਲੇ ਨਹੀਂ।

## ਬਾਕੀ ਵੀ ਦੋ ਮਾਮਲੇ ਸੀ ਬੀ ਆਈ ਹਵਾਲੇ ਕੀਤੇ ਜਾਣ : ਸ਼ਾਹ

**ਮਾਨਸਾ/ਸੁਨਾਮ (ਆਤਮਾ ਸਿੰਘ ਪਮਾਰ/ ਅਸ਼ੋਕ ਬਾਂਸਲ, ਹਾਕਮ ਭੱਟੀ)**



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਸੂਬਾ ਸਰਕਾਰ ਨੂੰ ਨਸ਼ਿਆਂ ਨਾਲ ਜੁੜੇ ਬਾਕੀ ਦੋ ਮਾਮਲੇ ਵੀ ਸੀ ਬੀ ਆਈ ਦੇ ਹਵਾਲੇ ਕਰ ਦੇਣੇ ਚਾਹੀਦੇ ਹਨ। ਉਨ੍ਹਾ ਸਵਾਲ ਕੀਤਾ ਕਿ ਪੰਜਾਬ ਸਰਕਾਰ ਨੇ ਪੀ ਆਈ ਟੀ ਐੱਨ ਡੀ ਪੀ ਐੱਸ ਕਾਨੂੰਨ ਤਹਿਤ ਹੁਣ ਤੱਕ ਇੱਕ ਵੀ ਕੇਸ ਦਰਜ ਕਿਉਂ ਨਹੀਂ ਕੀਤਾ। ਇਸ ਕਾਨੂੰਨ ਤਹਿਤ ਜ਼ਮਾਨਤ ਮਿਲਣੀ ਬੇਹੱਦ ਮੁਸ਼ਕਲ ਹੈ, ਇਸ ਲਈ ਸਰਕਾਰ ਨੂੰ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ।

ਲੁਧਿਆਣਾ 'ਚ ਪ੍ਰੈੱਸ ਕਾਨਫਰੰਸ ਦੌਰਾਨ ਅਮਿਤ ਸ਼ਾਹ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਸਿਆਸੀ ਸਰਪ੍ਰਸਤੀ ਤੋਂ ਬਿਨਾਂ ਨਸ਼ਿਆਂ ਦਾ ਕਾਰੋਬਾਰ ਚੱਲਣਾ ਸੰਭਵ ਨਹੀਂ। ਸੂਬੇ ਵਿੱਚ ਨਸ਼ਿਆਂ ਦਾ ਜਾਲ ਫੈਲਿਆ ਹੋਇਆ ਹੈ ਅਤੇ ਇਸ ਮਾਮਲੇ ਵਿੱਚ ਸਖਤ ਕਾਰਵਾਈ ਦੀ ਲੋੜ ਹੈ। ਸ਼ਾਹ ਨੇ ਕਿਹਾ ਕਿ ਪੰਜਾਬ ਪੁਲਸ ਦੇ ਆਪਣੇ ਮੁਲਾਜ਼ਮ ਵੀ ਨਸ਼ਿਆਂ ਨਾਲ ਜੁੜੇ ਮਾਮਲਿਆਂ ਵਿੱਚ ਫੜੇ ਜਾ ਰਹੇ ਹਨ। ਉਨ੍ਹਾ ਦਾ ਕਹਿਣਾ ਸੀ ਕਿ ਜਦੋਂ ਪੁਲਸ ਦੇ ਮੁਲਾਜ਼ਮ ਹੀ ਅਜਿਹੇ ਮਾਮਲਿਆਂ ਵਿੱਚ ਸਾਹਮਣੇ ਆ ਰਹੇ ਹਨ ਤਾਂ ਨਸ਼ਿਆਂ ਦੇ ਕਾਰੋਬਾਰ ਨੂੰ ਰੋਕਣ ਲਈ ਸਰਕਾਰ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।

ਸ਼ਾਹ ਨੇ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਜਾਂ ਤਾਂ ਖੁਦਕੁਸ਼ੀ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਜਾਂ ਉਨ੍ਹਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਸ਼ਾਹ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਅਤੇ ਇਸ ਦੇ ਆਗੂਆਂ ਨੂੰ ਉਨ੍ਹਾਂ ਦਾ ਵਾਅਦਾ ਯਾਦ ਕਰਵਾਉਣ ਆਏ ਹਨ। ਸਰਕਾਰ ਨੇ ਤਿੰਨ ਮਹੀਨਿਆਂ ਵਿੱਚ ਸੂਬੇ ਵਿੱਚੋਂ ਨਸ਼ਿਆਂ ਦਾ ਕਾਰੋਬਾਰ ਖਤਮ ਕਰਨ ਦਾ ਵਾਅਦਾ ਕੀਤਾ ਸੀ, ਪਰ ਇਸ ਦੇ ਉਲਟ ਨਸ਼ਿਆਂ ਦਾ ਕਾਰੋਬਾਰ ਲਗਾਤਾਰ ਵਧ ਰਿਹਾ ਹੈ।

ਉਹਨਾ ਆਪਣੇ ਪੰਜਾਬ ਦੌਰੇ ਬਾਰੇ ਕਿਹਾ ਕਿ ਉਹ ਦੁੱਖ ਝੱਲ ਰਹੇ ਪਰਵਾਰਾਂ ਨੂੰ ਦਿਲਾਸਾ ਦੇਣ ਲਈ ਆਏ ਸਨ ਅਤੇ ਉਨ੍ਹਾ ਦਾ ਕੋਈ ਸਿਆਸੀ ਮਨੋਰਥ ਨਹੀਂ ਸੀ। ਨਸ਼ਿਆਂ ਦੀ ਲਾਹਨਤ ਕਾਰਨ ਕਿਸੇ ਦੇ ਪੁੱਤਰ, ਕਿਸੇ ਦੇ ਭਰਾ ਅਤੇ ਕਿਸੇ ਦੇ ਪਤੀ ਦੀ ਮੌਤ ਹੋਈ ਹੈ। ਉਨ੍ਹਾ ਸਵਾਲ ਕੀਤਾ ਕਿ ਦੁੱਖ ਵਿੱਚ ਡੁੱਬੇ ਇਨ੍ਹਾਂ ਪਰਵਾਰਾਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਕੀ ਜਵਾਬ ਦੇਵੇਗੀ।

ਉਨ੍ਹਾ ਪੰਜਾਬ ਦੇ ਲੋਕਾਂ ਨੂੰ ਮੁੜ ਭਰੋਸਾ ਦਿਵਾਇਆ ਕਿ 31 ਦਸੰਬਰ 2029 ਤੱਕ ਸੂਬੇ ਵਿੱਚੋਂ ਨਸ਼ਿਆਂ ਦਾ ਕਾਰੋਬਾਰ ਖਤਮ ਕਰ ਦਿੱਤਾ ਜਾਵੇਗਾ। ਨਸ਼ਿਆਂ ਵਿਰੁੱਧ ਲੜਾਈ ਵਿੱਚ ਸਖਤ ਕਦਮ ਚੁੱਕਣ ਦੀ ਲੋੜ ਹੈ।

ਸ਼ਾਹ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ 'ਤੇ ਕਾਬੂ ਪਾਉਣ ਵਿੱਚ ਨਾਕਾਮ ਰਹੀ ਹੈ। ਨਸ਼ਿਆਂ ਦਾ ਕਾਰੋਬਾਰ ਰੁਕਣ ਦੀ • ਬਾਕੀ ਸਫਾ 2 'ਤੇ

## ਵੱਡਾ ਅਫਸਰ ਰਾਡਾਰ 'ਤੇ

**ਚੰਡੀਗੜ੍ਹ** : ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਕਰਨ ਵਾਲੇ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕਰਨ ਵਾਲੇ ਆਈ ਏ ਐੱਸ ਅਧਿਕਾਰੀ ਨਿਰਮਲ ਉਸੇਪਚਨ ਵੀ ਸੀ ਬੀ ਆਈ ਜਾਂਚ ਦੀ ਲਪੇਟ ਵਿੱਚ ਆ ਸਕਦੇ ਹਨ। ਉਨ੍ਹਾ ਮਾਨਸਾ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਮਾਨਸਾ ਦੀ ਹੈਸੀਅਤ 'ਚ 21 ਅਗਸਤ 2024 ਨੂੰ ਅਸ਼ਵਨੀ ਕੁਮਾਰ ਨੂੰ ਲਾਇਸੈਂਸ ਜਾਰੀ ਕੀਤਾ ਸੀ। ਹਾਲਾਂਕਿ ਮੁਲਜ਼ਮ 'ਤੇ ਪੰਜ ਪੁਲਸ ਕੇਸ ਦਰਜ ਸਨ, ਜਿਨ੍ਹਾਂ ਦੀ ਅਣਦੇਖੀ ਕਰਕੇ ਅਸਲਾ ਲਾਇਸੈਂਸ ਜਾਰੀ ਕੀਤਾ ਗਿਆ। ਉਸੇਪਚਨ ਇਸ ਵੇਲੇ ਪੰਜਾਬ ਦੇ ਮੁੱਖ ਸਕੱਤਰ ਦੇ ਓ ਐੱਸ ਡੀ (ਵਾਧੂ ਚਾਰਜ) ਹਨ। ਅਗਰ ਪਰਵਿੰਦਰ ਸਿੰਘ ਝੋਟਾ ਕਤਲ ਕਾਂਡ ਦੀ ਸੀ ਬੀ ਆਈ ਜਾਂਚ ਸ਼ੁਰੂ ਹੁੰਦੀ ਹੈ ਤਾਂ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਜਾਰੀ ਅਸਲਾ ਲਾਇਸੈਂਸ ਦੀ ਜਾਂਚ ਹੋਣ ਦੀ ਵੀ ਸੰਭਾਵਨਾ ਹੈ।

ਐਕਸ਼ਨ ਕਮੇਟੀ ਪਹਿਲਾਂ ਹੀ ਆਖ ਚੁੱਕੀ ਹੈ ਕਿ ਅਧਿਕਾਰੀ 'ਤੇ ਦਬਾਅ ਬਣਾ ਕੇ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕਰਾਇਆ ਗਿਆ ਸੀ। ਐਕਸ਼ਨ ਕਮੇਟੀ ਦੇ ਆਗੂ ਲਾਇਸੈਂਸ ਦੀ ਸਿਫਾਰਸ਼ ਕਰਨ ਵਾਲੇ ਸਿਆਸੀ ਆਗੂ ਦਾ ਪਤਾ ਲਾਉਣ ਦੀ ਮੰਗ ਕਰ ਰਹੇ ਹਨ।

ਇਸ ਆਈ ਏ ਐੱਸ ਅਧਿਕਾਰੀ ਦੇ ਕੇਰਲਾ 'ਚ ਜਨਵਰੀ 2026 'ਚ ਹੋਏ ਵਿਆਹ 'ਚ ਹਲਕਾ ਜੈਤੋ ਅਤੇ ਮਾਨਸਾ ਦੇ 'ਆਪ' ਦੇ ਦੋ ਜ਼ਿਲ੍ਹਾ ਪੱਧਰ ਦੇ ਆਗੂ ਸ਼ਾਮਲ ਹੋਏ ਦੱਸੇ ਜਾਂਦੇ ਹਨ। ਅਮੋਲਕ ਸਿੰਘ ਦਾ ਕਹਿਣਾ ਹੈ ਕਿ ਅਧਿਕਾਰੀ ਜੈਤੋ ਦੇ ਐੱਸ ਡੀ ਐੱਮ ਰਹਿ ਚੁੱਕੇ ਹਨ ਅਤੇ ਉਹ ਪੁਰਾਣੇ ਸੰਬੰਧਾਂ ਕਾਰਨ ਹੀ ਵਿਆਹ 'ਚ ਸ਼ਾਮਲ ਹੋਏ ਸਨ। ਉਹ ਕੇਰਲਾ ਦਾ ਕਲਚਰ ਵੀ ਦੇਖਣਾ ਚਾਹੁੰਦੇ ਸਨ।

## ਅਲਬਰਟਾ ਦੇ ਵੋਟਰਾਂ ਨੇ ਵੱਖਵਾਦ ਨੂੰ ਨਕਾਰਿਆ




ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਕੀਤਾ ਧੰਨਵਾਦ।

**ਵੈਨਕੂਵਰ (ਨ ਜ਼ ਸ)**-ਅਲਬਰਟਾ ਵਿੱਚ ਭਵਿੱਖ ਨੂੰ ਲੈ ਕੇ ਹੋਏ ਲੋਕ ਮੱਤ ਵਿੱਚ ਤਿੰਨ ਚੌਥਾਈ ਤੋਂ ਵੱਧ ਵੋਟਰਾਂ ਨੇ ਕੈਨੇਡਾ ਦੀ ਏਕਤਾ ਤੇ ਅਖੰਡਤਾ ਦੇ ਹੱਕ ਵਿੱਚ ਭੁਗਤ ਕੇ ਵੱਖਵਾਦੀ ਸੋਚ ਨੂੰ ਨਕਾਰਦਿਆਂ ਦੋ ਕੁ ਸਾਲਾਂ ਤੋਂ ਚਲਾਏ ਜਾ ਰਹੇ ਅੰਦੋਲਨ ਨੂੰ ਠੱਪ ਕਰ ਦਿੱਤਾ ਹੈ। ਬੇਸ਼ੱਕ 10 ਸਵਾਲਾਂ ਵਿੱਚੋਂ ਨਤੀਜਾ ਇੱਕ ਹੀ ਮਹੱਤਵਪੂਰਨ ਸਵਾਲ 'ਤੇ ਕੇਂਦਰਤ ਹੈ ਕਿ ਲੋਕ ਕੈਨੇਡਾ ਨਾਲ ਰਹਿਣਾ ਜਾਂ ਵੱਖ ਹੋਣਾ ਚਾਹੁੰਦੇ ਹਨ। ਇਸ ਦੇ ਉਤਰ ਵਿੱਚ 76.6 ਫੀਸਦੀ ਲੋਕਾਂ ਨੇ ਏਕਤਾ ਦੇ ਹੱਕ ਵਿੱਚ ਫ਼ਤਵਾ ਦਿੱਤਾ। ਸੰਵਿਧਾਨਕ ਸੋਧਾਂ ਅਤੇ ਫੈਡਰਲ ਦਖ਼ਲਅੰਦਾਜ਼ੀ ਤੇ ਟੈਕਸਾਂ ਬਾਰੇ ਵੋਟਰਾਂ ਤੋਂ ਪੁੱਛੇ ਗਏ 9 ਸਵਾਲਾਂ ਦੇ ਵੋਟਰਾਂ ਵੱਲੋਂ ਦਿੱਤੇ ਗਏ ਜਵਾਬਾਂ ਦੀ ਗਿਣਤੀ ਅਜੇ ਕੀਤੀ ਜਾਣੀ ਹੈ, ਜਿਸ ਨੂੰ ਦੋ ਦਿਨ ਲੱਗ ਸਕਦੇ ਹਨ।

ਵੱਖਵਾਦ ਦੀ ਸੋਚ ਕਰੀਬ ਦੋ ਕੁ ਸਾਲ ਪਹਿਲਾਂ ਉਦੋਂ ਉਭਾਰੀ ਗਈ ਸੀ, ਜਦੋਂ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਦੀ ਚੋਣ ਜਿੱਤਣ ਤੋਂ ਬਾਅਦ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਨ ਲਈ ਕਿਹਾ ਸੀ। ਅਲਬਰਟਾ ਤੋਂ ਬਿਨਾਂ ਸਾਰੇ ਸੂਬਿਆਂ ਦੇ ਲੋਕਾਂ ਨੇ ਟਰੰਪ ਦੀ ਗੱਲ ਨੂੰ ਅਣਸੁਣਿਆ ਕੀਤਾ, ਪਰ ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਪਾਰਟੀ ਵਿਚਲੇ ਕੁਝ ਆਗੂਆਂ ਦੇ ਹੱਕ ਵਿੱਚ ਬੋਲਦਿਆਂ ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਅਣਗੌਲਿਆ ਕਰਨ ਦੇ ਦੋਸ਼ ਲਾ ਕੇ ਵੱਖਵਾਦ ਦਾ ਸਮਰਥਨ ਕੀਤਾ ਸੀ ਤੇ ਲੋਕ-ਮੱਤ ਕਰਾਉਣ ਦੀ ਕਾਰਵਾਈ ਸ਼ੁਰੂ ਹੋਈ, ਜਿਸ ਨੂੰ ਉੱਥੋਂ ਦੀ ਉਚ ਅਦਾਲਤ ਨੇ ਵੀ ਇਸ ਕਰਕੇ ਰੱਦ ਕਰ ਦਿੱਤਾ ਸੀ ਕਿ ਸੂਬੇ ਦੇ ਭਵਿੱਖ ਵਿੱਚ ਮੂਲ ਵਾਸੀਆਂ ਨੂੰ ਭਰੋਸੇ ਵਿੱਚ ਨਹੀਂ ਲਿਆ ਜਾ ਰਿਹਾ, ਪਰ • ਬਾਕੀ ਸਫਾ 2 'ਤੇ

## ਹੈਰੋਇਨ ਮਾਮਲੇ 'ਚ ਸਾਬਕਾ ਸਰਪੰਚ ਤੇ ਵਿਦਿਆਰਥਣ ਸਣੇ 3 ਹੋਰ ਗ੍ਰਿਫਤਾਰ

**ਅੰਮ੍ਰਿਤਸਰ** : ਤਰਨ ਤਾਰਨ ਨੇੜੇ 15 ਕਿੱਲੋ ਹੈਰੋਇਨ ਸਮੇਤ ਪੰਜਾਬ ਪੁਲਸ ਦੇ ਸਿਪਾਹੀ ਕਰਨਦੀਪ ਸਿੰਘ ਦੀ ਗ੍ਰਿਫਤਾਰੀ ਤੋਂ ਛੇ ਦਿਨ ਬਾਅਦ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ ਸੀ ਬੀ) ਨੇ ਆਮ ਆਦਮੀ ਪਾਰਟੀ ਦੇ ਇੱਕ ਸਾਬਕਾ ਸਰਪੰਚ ਸਮੇਤ ਤਿੰਨ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਤਰਨ ਤਾਰਨ ਦੇ ਰਾਜੋਕੇ ਪਿੰਡ ਦੇ ਸਾਬਕਾ 'ਆਪ' ਸਰਪੰਚ ਲਖਵਿੰਦਰ ਸਿੰਘ, ਭੂਸੇ ਪਿੰਡ ਦੇ ਬੱਬੂ ਉਰਫ ਵਿਸ਼ਾਲ ਅਤੇ ਦਿੱਲੀ ਦੀ ਰਹਿਣ ਵਾਲੀ ਸੁਖਮਨਪ੍ਰੀਤ ਕੌਰ ਵਜੋਂ ਹੋਈ ਹੈ। ਜਾਂਚ ਤੋਂ ਖੁਲਾਸਾ ਹੋਇਆ ਹੈ ਕਿ ਪੰਜਾਬ ਪੁਲਸ ਦੀ ਐਂਟੀ-ਡਰੋਨ ਯੂਨਿਟ ਵਿੱਚ ਤਾਇਨਾਤ ਕਰਨਦੀਪ ਸਿੰਘ ਲਖਵਿੰਦਰ ਸਿੰਘ ਲਈ ਕੰਮ ਕਰਦਾ ਸੀ, ਜੋ ਪਾਕਿਸਤਾਨੀ ਤਸਕਰਾਂ ਦੇ ਸਿੱਧੇ ਸੰਪਰਕ ਵਿੱਚ ਸੀ। ਲਖਵਿੰਦਰ ਸਿੰਘ ਲਗਭਗ 15 ਨਸ਼ੇ ਦੀਆਂ ਖੇਪਾਂ ਮੰਗਵਾ ਚੁੱਕਾ ਸੀ ਅਤੇ ਉਹ ਸਰਹੱਦ ਪਾਰ ਤੋਂ ਡਰੋਨਾਂ ਰਾਹੀਂ ਆਉਂਦੀ ਹੈਰੋਇਨ ਅਤੇ ਹਥਿਆਰਾਂ ਦੀ ਤਸਕਰੀ ਲਈ ਕਰਨਦੀਪ ਸਿੰਘ ਦੀ ਡਿਊਟੀ ਦੇ ਸ਼ਡਿਊਲ ਦਾ ਫਾਇਦਾ ਉਠਾਉਂਦਾ ਸੀ। ਖੁਦ ਨਸ਼ੇ ਦਾ ਆਦੀ ਸਿਪਾਹੀ ਕਰਨਦੀਪ 14 ਅਕਤੂਬਰ ਨੂੰ 15 ਕਿੱਲੋ ਹੈਰੋਇਨ ਸਮੇਤ ਨੌਸ਼ਹਿਰਾ ਢਾਲਾ ਤੋਂ ਫੜਿਆ ਗਿਆ ਸੀ।

ਸੁਖਮਨਪ੍ਰੀਤ ਕੌਰ ਅੰਮ੍ਰਿਤਸਰ ਵਿੱਚ ਰਹਿ ਕੇ ਪੜ੍ਹਾਈ ਕਰ ਰਹੀ ਸੀ ਅਤੇ ਹਰਿਆਣਾ ਜੇਲ੍ਹ ਵਿੱਚ ਬੰਦ ਇੱਕ ਤਸਕਰ ਦੇ ਇਸ਼ਾਰੇ 'ਤੇ ਨਸ਼ੇ ਦੀਆਂ ਖੇਪਾਂ ਪ੍ਰਾਪਤ ਕਰਦੀ ਸੀ। ਸੁਖਮਨਪ੍ਰੀਤ ਨੇ ਪੀ ਸੀ ਐੱਸ ਦੀ ਪ੍ਰਿਲਿਮਜ਼ ਪ੍ਰੀਖਿਆ ਪਾਸ ਕੀਤੀ ਹੋਈ ਹੈ ਅਤੇ ਉਹ ਦਿੱਲੀ ਪੁਲਸ ਦੇ ਇੱਕ ਏ ਐੱਸ ਆਈ ਦੀ ਧੀ ਦੱਸੀ ਜਾ ਰਹੀ ਹੈ। ਐੱਨ ਸੀ ਬੀ ਹੁਣ ਮੁਲਜ਼ਮਾਂ ਦੇ ਪਾਕਿਸਤਾਨੀ ਤਸਕਰਾਂ ਨਾਲ ਸੰਬੰਧਾਂ ਅਤੇ ਕਰਨਦੀਪ ਦੀਆਂ ਵਿੱਤੀ ਜਾਇਦਾਦਾਂ ਦੀ ਜਾਂਚ ਕਰ ਰਹੀ ਹੈ।

## ਸਿਪਾਹੀ ਨੇ ਪਰਵਾਰ 'ਤੇ ਗੋਲੀਆਂ ਚਲਾ ਕੇ ਖੁਦ ਨੂੰ ਵੀ ਮਾਰੀ



**ਮਾਨਸਾ (ਰੀਤਵਾਲ)**-ਮਾਨਸਾ ਦੇ ਡਿਪਟੀ ਕਮਿਸ਼ਨਰ ਦੇ ਗੰਨਮੈਨ ਗੁਰਵਿੰਦਰ ਸਿੰਘ ਨੇ ਮੰਗਲਵਾਰ ਆਪਣੇ ਪਰਵਾਰ ਉੱਪਰ ਗੋਲੀਆਂ ਚਲਾ ਕੇ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ। ਸਿਪਾਹੀ ਗੁਰਵਿੰਦਰ ਸਿੰਘ, ਪਤਨੀ ਅਤੇ ਦੋ ਬੇਟਿਆਂ ਨੂੰ ਮਾਨਸਾ ਦੇ ਸਿਵਲ ਹਸਪਤਾਲ ਵਿਖੇ ਲਿਜਾਇਆ ਗਿਆ। ਗੁਰਵਿੰਦਰ ਸਿੰਘ ਅਤੇ ਉਸ ਦੇ ਪੁੱਤਰ ਜੋਤ (17) ਦੀ ਮੌਤ ਹੋ ਗਈ। ਡਾਕਟਰਾਂ ਵੱਲੋਂ ਉਸ ਦੀ ਪਤਨੀ ਹਰਪ੍ਰੀਤ ਕੌਰ ਅਤੇ ਇੱਕ ਪੁੱਤਰ ਦਿਲਸ਼ਾਨ ਨੂੰ ਬਠਿੰਡਾ ਦੇ ਹਸਪਤਾਲ ਰੈਫਰ ਕਰ ਦਿੱਤਾ ਗਿਆ। ਗੁਰਵਿੰਦਰ ਸਿੰਘ ਦੋ ਦਿਨਾਂ ਤੋਂ ਛੁੱਟੀ 'ਤੇ ਸੀ। ਮਾਨਸਾ ਦੇ ਐੱਸ ਐੱਸ ਪੀ ਵੈਭਵ ਚੌਧਰੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਹ ਘਟਨਾ ਪਰਵਾਰਕ ਵਿਵਾਦ ਦਾ ਨਤੀਜਾ ਹੈ। ਗੁਆਂਢ ਵਿੱਚ ਰਹਿਣ ਵਾਲੀ ਇੱਕ ਬਜ਼ੁਰਗ ਔਰਤ ਨੇ ਦੱਸਿਆ ਕਿ ਹਰਪ੍ਰੀਤ ਕੌਰ ਸਵੇਰੇ ਸਾਢੇ ਛੇ ਵਜੇ ਦੇ ਕਰੀਬ ਘਰ ਦੇ ਬਾਹਰ ਪਈ ਸੀ ਅਤੇ ਬਚਾਉਣ ਦੀ ਬੇਨਤੀ ਕਰ ਰਹੀ ਸੀ।

## ਨੌਜਵਾਨਾਂ ਦੀਆਂ ਅਰਥੀਆਂ ਨੂੰ ਬਜ਼ੁਰਗ ਮੋਢਾ ਦੇਣ ਲਈ ਮਜਬੂਰ : ਚੌਹਾਨ



**ਮਾਨਸਾ** : ਪਰਵਿੰਦਰ ਸਿੰਘ ਝੋਟੇ ਨੂੰ ਇਨਸਾਫ ਦਿਵਾਉਣ ਲਈ ਲੱਗੇ ਧਰਨੇ ਮੌਕੇ ਸੀ ਪੀ ਆਈ ਆਗੂ ਕ੍ਰਿਸ਼ਨ ਸਿੰਘ ਚੌਹਾਨ ਨੇ ਕਿਹਾ ਕਿ ਨਸ਼ਿਆਂ ਕਰਕੇ ਨੌਜਵਾਨਾ ਦੀਆਂ ਮੌਤਾਂ ਮੌਕੇ ਉਹਨਾਂ ਦੇ ਬਜ਼ੁਰਗ ਪਿਤਾ ਅਰਥੀਆਂ ਨੂੰ ਮੋਢਾ ਦੇਣ ਲਈ ਮਜਬੂਰ ਹਨ, ਸਿਸਟਮ ਇਸ ਨੂੰ ਕਾਬੂ ਕਰਨ ਵਿੱਚ ਪੂਰੀ ਤਰ੍ਹਾਂ ਮੂਕ ਦਰਸ਼ਕ ਬਣ ਵੇਖ ਰਿਹਾ ਹੈ। ਪੰਜਾਬ ਸਮੇਤ ਕੌਮੀ ਪੱਧਰ 'ਤੇ ਨਸ਼ਾ ਮੁਕਤ ਲਹਿਰ ਲਈ ਪ੍ਰੇਰਨਾ ਦਾ ਸਰੋਤ ਬਣ ਚੁੱਕਾ ਮਾਨਸਾ ਦੀ ਧਰਤੀ ਤੋਂ ਚੱਲ ਰਿਹਾ ਅੰਦੋਲਨ ਦੁਨੀਆ ਨੂੰ ਰਾਹ ਵਿਖਾ ਰਿਹਾ ਹੈ। ਉਨ੍ਹਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬੀ ਨਸ਼ਾ ਤਸ਼ਕਰਾਂ ਤੋਂ ਨੌਜਵਾਨੀ ਨੂੰ ਬਚਾਉਣ ਲਈ ਮੁਹਿੰਮ ਨੂੰ ਤੇਜ਼ ਕਰਨ। ਉਹਨਾ ਐਕਸ਼ਨ ਕਮੇਟੀ ਦੀਆਂ ਮੰਗਾਂ ਨੂੰ ਤੁਰੰਤ ਲਾਗੂ ਕਰਕੇ ਅਮਲ ਵਿੱਚ ਲਿਆਉਣ ਦੀ ਗੱਲ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰੂਪ ਸਿੰਘ ਢਿੱਲੋਂ, ਸੁਖਰਾਜ ਸਿੰਘ ਜੋਗਾ, ਰਤਨ ਭੋਲਾ, ਬੂਟਾ ਸਿੰਘ ਬਰਨਾਲਾ, ਰਾਜ ਕੁਮਾਰ ਸ਼ਰਮਾ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਗੁਰਦਿਆਲ ਸਿੰਘ ਦਲੇਲ ਸਿੰਘ ਵਾਲਾ ਆਦਿ ਆਗੂਆਂ ਦੀ ਅਗਵਾਈ ਹੇਠ ਵਰਕਰਾਂ ਨੇ ਸ਼ਮੂਲੀਅਤ ਕੀਤੀ।

## ਗਿਆਨੇਸ਼ ਕੁਮਾਰ ਦਾ ਪੁਤਲਾ ਫੂਕਿਆ




**ਨਵੀਂ ਦਿੱਲੀ** : ਆਲ ਇੰਡੀਆ ਯੂਥ ਫੈਡਰੇਸ਼ਨ (ਏ ਆਈ ਵਾਈ ਐੱਫ) ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ ਆਈ ਐੱਸ ਐੱਫ) ਨੇ ਸਾਂਝੇ ਤੌਰ 'ਤੇ ਨਵੀਂ ਦਿੱਲੀ 'ਚ ਅਜੈ ਭਵਨ ਦੇ ਬਾਹਰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨ ਦੀ ਅਗਵਾਈ ਏ ਆਈ ਵਾਈ ਐੱਫ ਦੇ ਕੌਮੀ ਸਕੱਤਰ ਸਈਅਦ ਵਲੀਉੱਲ੍ਹਾ ਖਾਦਰੀ ਅਤੇ ਏ ਆਈ ਐੱਸ ਐੱਫ ਦੇ ਕੌਮੀ ਪ੍ਰਧਾਨ ਵਿਰਾਜ ਦੇਵਾਂਗ ਨੇ ਕੀਤੀ। ਵਲੀਉੱਲ੍ਹਾ ਖਾਦਰੀ ਨੇ ਪੁਲਸ ਦੀ ਕਾਰਵਾਈ ਦੀ ਨਿੰਦਾ ਕਰਦਿਆਂ ਕਿਹਾ ਕਿ ਜਮਹੂਰੀ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਨਾਲ ਚੋਣ ਜਵਾਬਦੇਹੀ ਅਤੇ ਵੋਟਿੰਗ ਅਧਿਕਾਰਾਂ ਦੀ ਸੁਰੱਖਿਆ ਦੀ ਮੰਗ ਕਰਨ ਵਾਲੇ ਨੌਜਵਾਨਾਂ ਦੀ ਆਵਾਜ਼ ਨੂੰ ਚੁੱਪ ਨਹੀਂ ਕਰਵਾਇਆ ਜਾ ਸਕਦਾ। ਦੇਵਾਂਗ ਨੇ ਜ਼ੋਰ ਦੇ ਕੇ ਕਿਹਾ ਕਿ ਏ ਆਈ ਐੱਸ ਐੱਫ ਲੋਕਤੰਤਰ ਅਤੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਲਈ ਆਪਣਾ ਸੰਘਰਸ਼ ਜਾਰੀ ਰੱਖੇਗੀ। ਇਸ ਪ੍ਰਦਰਸ਼ਨ ਵਿੱਚ ਏ ਆਈ ਵਾਈ ਐੱਫ ਦੇ ਨੇਤਾ ਸਾਗਰ ਦੁਰਯੋਧਨ, ਫਖਰੇ ਆਲਮ, ਸ਼ਿਜੋ, ਸਲਮਾਨ ਸਿੱਦੀਕੀ ਅਤੇ ਅਭਿਤਾ ਦਵਿਜਾ ਦੇ ਨਾਲ-ਨਾਲ ਏ ਆਈ ਐੱਸ ਐੱਫ ਦੇ ਨੇਤਾ ਅਮੀਨ ਹਮਜ਼ਾ, ਸਤਿਅਮ ਭਾਰਦਵਾਜ, ਕੈਸਰ ਰੇਹਨ, ਉਦਿਤ ਨਰਾਇਣ ਝਾਅ, ਚੰਦਰਭਾਨ, ਮੋਹਿਤ, ਵਿਸ਼ਾਲ, ਬਿੱਟੂ ਅਤੇ ਖੁਸ਼ਬੂ ਆਦਿ ਸ਼ਾਮਲ ਸਨ। ਦੋਹਾਂ ਜਥੇਬੰਦੀਆਂ ਨੇ ਚੋਣ ਜਵਾਬਦੇਹੀ ਅਤੇ ਜਮਹੂਰੀ ਅਧਿਕਾਰਾਂ ਦੀ ਰੱਖਿਆ ਲਈ ਆਪਣੇ ਜਮਹੂਰੀ ਸੰਘਰਸ਼ ਨੂੰ ਜਾਰੀ ਰੱਖਣ ਦਾ ਪ੍ਰਣ ਲਿਆ।

## ਪੰਜਾਬ ਤੇ ਹਰਿਆਣਾ 'ਚ 24-25 ਨੂੰ ਮੀਂਹ ਦੀ ਸੰਭਾਵਨਾ

**ਚੰਡੀਗੜ੍ਹ** : ਮੌਸਮ ਵਿਭਾਗ ਨੇ ਇਸ ਹਫ਼ਤੇ ਦੇ ਆਖਰ 'ਚ ਪੰਜਾਬ ਅਤੇ ਹਰਿਆਣਾ ਵਿੱਚ ਕੁਝ ਥਾਵਾਂ 'ਤੇ ਦੋ ਦਿਨਾ ਮੀਂਹ ਦੇ ਦੌਰ ਦੀ ਭਵਿੱਖਬਾਣੀ ਕੀਤੀ ਹੈ, ਜਿਸ ਨਾਲ ਇਸ ਖੇਤਰ ਵਿੱਚ ਲਗਭਗ 10 ਦਿਨਾਂ ਤੋਂ ਚੱਲ ਰਹੇ ਖੁਸ਼ਕ ਮੌਸਮ ਬਦਲਣ ਦੀ ਉਮੀਦ ਹੈ। ਭਾਰਤੀ ਮੌਸਮ ਵਿਭਾਗ ਵੱਲੋਂ 20 ਅਕਤੂਬਰ ਨੂੰ ਜਾਰੀ ਕੀਤੇ ਗਏ ਬੁਲੇਟਿਨ ਅਨੁਸਾਰ, ਹਾਲਾਂ ਕਿ ਇਸ ਖੇਤਰ ਵਿੱਚ ਆਮ ਤੌਰ 'ਤੇ ਖੁਸ਼ਕ ਹਵਾ ਚੱਲ ਰਹੀ ਹੈ ਪਰ 24 ਅਤੇ 25 ਅਕਤੂਬਰ ਨੂੰ ਵੱਖ-ਵੱਖ ਥਾਵਾਂ 'ਤੇ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਦੱਖਣ-ਪੱਛਮੀ ਪੰਜਾਬ ਦੇ ਕੁਝ ਜ਼ਿਲ੍ਹਿਆਂ ਅਤੇ ਪੱਛਮੀ ਹਰਿਆਣਾ ਦੇ ਨਾਲ ਲੱਗਦੇ ਖੇਤਰਾਂ ਵਿੱਚ ਇਸ ਸਮੇਂ ਦੌਰਾਨ ਮੀਂਹ ਪੈਣ ਦੀ ਸੰਭਾਵਨਾ ਹੈ।

## ਭਾਰਤ ਨੂੰ ਪੱਛਮੀ ਤਾਕਤਾਂ ਤੋਂ ਖਤਰਾ : ਭਾਗਵਤ

**ਨਾਗਪੁਰ (ਨ ਜ਼ ਸ)**-ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੇ ਮੰਗਲਵਾਰ ਆਰ ਐੱਸ ਐੱਸ ਹੈੱਡਕੁਆਰਟਰ ਵਿਖੇ ਵਿਜੇ ਦਸ਼ਮੀ ਸਮਾਰੋਹ ਵਿੱਚ ਬੋਲਦਿਆਂ ਕਿਹਾ ਕਿ ਭਾਰਤ ਪੱਛਮੀ ਤਾਕਤਾਂ ਦਾ ਅੰਤਮ ਨਿਸ਼ਾਨਾ ਹੈ, ਜੋ ਸ਼ਾਸਨ ਤਬਦੀਲੀ ਦੀ ਮੰਗ ਕਰ ਰਹੀਆਂ ਹਨ। ਵਿਰੋਧ ਪ੍ਰਦਰਸ਼ਨ ਹੱਲ ਪ੍ਰਦਾਨ ਕਰਨ ਦੀ ਬਜਾਏ ਸਿਆਸੀ ਹਿੱਤਾਂ ਅਤੇ ਸਮਾਜ ਵਿੱਚ ਵੰਡ ਨੂੰ ਹਵਾ ਦੇ ਸਕਦੇ ਹਨ।

ਭਾਗਵਤ ਨੇ ਬੰਗਲਾਦੇਸ਼, ਨੇਪਾਲ, ਫਰਾਂਸ ਅਤੇ ਅਲਬਾਨੀਆ ਵਿੱਚ ਹਾਲ ਹੀ ਵਿੱਚ ਹੋਈ ਉਥਲ-ਪੁਥਲ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਆਪਣੇ ਹਿੱਤਾਂ ਦੀ ਪੈਰਵੀ ਕਰਨ ਵਾਲੀਆਂ ਤਾਕਤਾਂ ਸਿਆਸੀ • ਬਾਕੀ ਸਫਾ 2 'ਤੇ

## ਸੋਕਾ ਰਾਹਤ ਨਾ ਮਿਲਣ 'ਤੇ ਕਿਸਾਨ ਵੱਲੋਂ ਖੁਦਕੁਸ਼ੀ

**ਮੁੰਬਈ (ਨ ਜ਼ ਸ)**

ਮਹਾਰਾਸ਼ਟਰ ਦੀਆਂ 85 ਪ੍ਰਤੀਸ਼ਤ ਤੋਂ ਵੱਧ ਸਬ ਡਵੀਜ਼ਨਾਂ ਨੂੰ ਸੋਕਾ ਪ੍ਰਭਾਵਤ ਐਲਾਨਿਆ ਗਿਆ ਹੈ। ਰਾਜ ਦੀਆਂ 358 ਸਬ-ਡਵੀਜ਼ਨਾਂ ਵਿੱਚੋਂ 305 ਪ੍ਰਭਾਵਤ ਹੋਈਆਂ ਹਨ। ਮਹਾਰਾਸ਼ਟਰ ਦੇ ਨੰਦੇੜ ਵਿੱਚ ਸੋਕੇ ਕਾਰਨ ਆਪਣੀ ਫਸਲ ਬਰਬਾਦ ਹੋਣ ਦੇ ਬਾਵਜੂਦ ਸਰਕਾਰੀ ਰਾਹਤ ਕਿਉਂ ਨਹੀਂ ਮਿਲੀ, ਇਸ ਬਾਰੇ ਇੱਕ ਵੀਡੀਓ ਕਲਿੱਪ ਆਨਲਾਈਨ ਪੋਸਟ ਕਰਨ ਤੋਂ ਬਾਅਦ ਸੋਮਵਾਰ 46 ਸਾਲਾ ਕਿਸਾਨ ਨੇ ਖੁਦਕੁਸ਼ੀ ਕਰ ਲਈ। ਵੀਡੀਓ ਵਿੱਚ, ਸ਼ੰਕਰ ਅਬਨਰਾਓ ਕਸ਼ੀਰਸਾਗਰ ਨੇ ਡੀ ਸੀ ਨੂੰ ਇੱਕ ਭਾਵੁਕ ਅਪੀਲ ਕਰਦਿਆਂ ਪੁੱਛਿਆ ਕਿ ਉਸ ਨੂੰ ਕਿਸੇ ਵੀ ਕਰਜ਼ਾ ਮੁਆਫੀ ਯੋਜਨਾ ਦਾ ਲਾਭ ਕਿਉਂ ਨਹੀਂ ਮਿਲਿਆ ਅਤੇ ਅਰਜ਼ੀ ਦੇ ਬਾਵਜੂਦ ਉਸ ਦੀ ਧੀ ਦੀ ਮੈਡੀਕਲ ਕਾਲਜ ਦੀ ਫੀਸ ਕਿਉਂ ਨਹੀਂ ਮੁਆਫ ਕੀਤੀ ਗਈ। ਮਹਾਰਾਸ਼ਟਰ ਸਰਕਾਰ ਨੇ ਸੋਕਾ ਪ੍ਰਭਾਵਤ ਕਿਸਾਨਾਂ ਦੇ ਬੱਚਿਆਂ ਲਈ ਫੀਸ ਰਿਆਇਤਾਂ ਦਾ ਐਲਾਨ ਕੀਤਾ ਹੈ, ਪਰ ਕਸ਼ੀਰਸਾਗਰ ਦੀ ਧੀ ਨੂੰ ਸਪੱਸ਼ਟ ਤੌਰ 'ਤੇ ਇਹ ਲਾਭ ਨਹੀਂ ਮਿਲਿਆ। ਨਾਗਪੁਰ ਤੋਂ ਲੱਗਭੱਗ 357 ਕਿੱਲੋਮੀਟਰ ਦੱਖਣ ਵਿੱਚ ਸਥਿਤ ਲਿੰਬਗਾਓਂ ਪੁਲਸ ਸਟੇਸ਼ਨ ਦੇ ਏ ਐੱਸ ਆਈ ਬੋਧਨਕਰ ਨੇ ਕਿਹਾ ਕਿ ਕਸ਼ੀਰਸਾਗਰ ਫਸਲ ਮਰਨ, ਬਕਾਇਆ ਕਰਜ਼ਿਆਂ ਅਤੇ ਆਪਣੀ ਧੀ ਦੇ ਸਿੱਖਿਆ ਖਰਚਿਆਂ ਕਾਰਨ ਪੈਦਾ ਹੋਏ ਵਿੱਤੀ ਬੋਝ ਕਾਰਨ ਦੁਖੀ ਸੀ। ਉਹ ਸੋਮਵਾਰ ਦੁਪਹਿਰ ਨੂੰ ਆਪਣੇ ਖੇਤ ਗਿਆ, ਆਪਣੇ ਮੋਬਾਈਲ ਫੋਨ 'ਤੇ ਵੀਡੀਓ ਰਿਕਾਰਡ ਕੀਤੀ ਅਤੇ ਇਸਨੂੰ ਸੋਸ਼ਲ ਮੀਡੀਆ 'ਤੇ ਅਪਲੋਡ ਕੀਤਾ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਕਿਸਾਨ ਦੇ ਪਰਵਾਰਕ ਮੈਂਬਰਾਂ ਅਤੇ ਪੁਲਸ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ। ਕਸ਼ੀਰਸਾਗਰ ਦੀ ਲਾਸ਼ ਬੋਰਗਾਓਂ ਪਿੰਡ ਦੇ ਖੇਤ ਵਿੱਚ ਲਟਕਦੀ ਮਿਲੀ। ਉਸ ਨੇ ਆਪਣੀ ਛੋਟੀ ਜਿਹੀ ਜ਼ਮੀਨ 'ਤੇ ਸੋਇਆਬੀਨ ਦੀ ਕਾਸ਼ਤ ਕੀਤੀ ਸੀ, ਪਰ ਲੰਬਾ ਸਮਾਂ ਬਾਰਿਸ਼ ਨਾ ਹੋਣ ਕਾਰਨ ਉਹ ਮਰ ਗਈ। 14 ਅਕਤੂਬਰ ਨੂੰ, ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਐਲਾਨ ਕੀਤਾ ਸੀ ਕਿ ਦੀਵਾਲੀ ਤੋਂ ਪਹਿਲਾਂ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ 5,000 ਰੁਪਏ ਦੀ ਸ਼ੁਰੂਆਤੀ ਰਾਹਤ ਜਮ੍ਹਾਂ ਕਰਵਾਈ ਜਾਵੇਗੀ। ਮਹਾਰਾਸ਼ਟਰ ਦੇ ਮਰਾਠਵਾੜਾ, ਜਿਸ ਵਿੱਚ ਨਾਂਦੇੜ ਸਮੇਤ ਅੱਠ ਜ਼ਿਲ੍ਹੇ ਹਨ, ਵਿੱਚ 2026 ਦੇ ਪਹਿਲੇ ਛੇ ਮਹੀਨਿਆਂ ਵਿੱਚ 465 ਕਿਸਾਨ ਖੁਦਕੁਸ਼ੀਆਂ ਦਰਜ ਕੀਤੀਆਂ ਗਈਆਂ ਹਨ। 2025 ਵਿੱਚ, ਇਸ ਖੇਤਰ ਵਿੱਚ 1,131 ਕਿਸਾਨ ਖੁਦਕੁਸ਼ੀਆਂ ਦਰਜ ਕੀਤੀਆਂ ਗਈਆਂ। ਬੀਡ ਅਤੇ ਮਹਾਰਾਸ਼ਟਰ ਦੇ ਹੋਰ ਜ਼ਿਲ੍ਹੇ ਇੱਕ ਦਹਾਕੇ ਵਿੱਚ ਸਭ ਤੋਂ ਭਿਆਨਕ ਸੋਕੇ ਦਾ ਸਾਹਮਣਾ ਕਰ ਰਹੇ ਹਨ।

## ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਚੋਣਾਂ ਮੁਲਤਵੀ

**ਜਲੰਧਰ (ਗਿਆਨ ਸੈਦਪੁਰੀ)**-ਸੀਨੀਅਰ ਮੀਤ ਪ੍ਰਧਾਨ ਦੀ ਚੋਣ ਲੜ ਰਹੇ ਉਮੀਦਵਾਰ ਸ਼ਿੰਦਰਪਾਲ ਸਿੰਘ (ਪ੍ਰੋ.) ਦੇ ਪਰਵਾਰ ਵਿੱਚ ਵਾਪਰੀ ਮੰਦਭਾਗੀ ਘਟਨਾ ਅਤੇ ਅਣਸੁਖਾਵੇਂ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ 25 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਤਿੰਨਾਂ ਹੀ ਚੋਣ ਅਧਿਕਾਰੀਆਂ ਡਾਕਟਰ ਲਖਵਿੰਦਰ ਸਿੰਘ ਜੌਹਲ, ਸਤਨਾਮ ਸਿੰਘ ਮਾਣਕ ਅਤੇ ਡਾਕਟਰ ਤੇਜਿੰਦਰ ਵਿਰਲੀ ਨੇ ਦੱਸਿਆ ਕਿ ਚੋਣ ਲੜ ਰਹੀਆਂ ਸਾਰੀਆਂ ਧਿਰਾਂ ਹਾਲਾਤ ਦੀ ਗੰਭੀਰਤਾ ਨੂੰ ਮਹਿਸੂਸ ਕਰਦੀਆਂ ਹੋਈਆਂ ਇਸ ਨਤੀਜੇ 'ਤੇ ਪਹੁੰਚੀਆਂ ਕਿ ਮਾਨਵੀ ਸੰਵੇਦਨਾ ਦੇ ਮੱਦੇਨਜ਼ਰ ਇਹ ਚੋਣਾਂ ਮੁਲਤਵੀ ਕਰ ਦਿੱਤੀਆਂ ਜਾਣ।

ਉਹਨਾਂ ਕਿਹਾ ਕਿ ਸਾਰੀਆਂ ਧਿਰਾਂ ਦੇ ਚੋਣ ਲੜ ਰਹੇ ਉਮੀਦਵਾਰਾਂ ਨਾਲ ਸਲਾਹ-ਮਸ਼ਵਰਾ ਕਰਕੇ ਚੋਣਾਂ ਦੀ ਨਵੀਂ ਤਰੀਕ ਜਲਦੀ ਹੀ ਐਲਾਨ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਚੋਣਾਂ ਦੀ ਸਾਰੀ ਪ੍ਰਕਿਰਿਆ ਨਵੇਂ ਸਿਰੇ ਤੋਂ ਆਰੰਭ ਨਹੀਂ ਹੋਵੇਗੀ, ਸਿਰਫ਼ ਤਰੀਕ ਬਦਲਣ ਦਾ ਫੈਸਲਾ ਹੀ ਕੀਤਾ ਗਿਆ ਹੈ, ਬਾਕੀ ਸਾਰੀ ਸਥਿਤੀ ਜਿਉਂ ਦੀ ਤਿਉਂ ਰਹੇਗੀ।

## ਅੱਜ-ਨਾਮਾ

ਅਮਿਤ ਸ਼ਾਹ ਦੀ ਆਮਦ ਆ ਜਦੋਂ ਹੋਈ,
ਹਲਚਲ ਗਈ ਪੰਜਾਬ ਵਿੱਚ ਮੱਚ ਮੀਆਂ।
ਚਰਚਾ ਛਿੜੀ ਕਿ ਜਾਂਚ ਕਰਵਾਊ ਕੇਂਦਰ,
ਪੂਰਾ ਬਾਹਰ ਫਿਰ ਆਊਗਾ ਸੱਚ ਮੀਆਂ।
ਕਿਸੇ ਨੇ ਕਿਹਾ ਤਜਰਬੇ ਕੁਝ ਯਾਦ ਰੱਖੋ,
ਕੇਂਦਰੀ ਜਾਂਚ ਵਿੱਚ ਰਹਿੰਦਾ ਕੱਚ ਮੀਆਂ।
ਕਿਸੇ ਨੇ ਕਿਹਾ ਜਾਂਚ ਸਿਰਫ ਜਾਂਚ ਹੋਣੀ,
ਇਹ ਵੀ ਗੱਲ ਨਾ ਰਹੀ ਆ ਜੱਚ ਮੀਆਂ।
ਏਜੰਸੀ ਜਾਂਚ ਦੀ ਕੇਂਦਰ ਦਾ ਇੱਕ ਤੋਤਾ,
ਇਹੋ ਸੀ ਗੱਲ ਅਦਾਲਤ ਨੇ ਕਹੀ ਮੀਆਂ।
ਜਿਹੜੀ ਕੱਲ੍ਹ ਸੀ ਗਲਤ ਤਾਂ ਅੱਜ ਕਿੱਦਾਂ,
ਅਗੇਤੇ ਮੰਨੀਏ ਹੋ ਗਈ ਹੈ ਸਹੀ ਮੀਆਂ।

-ਤੀਸ ਮਾਰ ਖਾਂ

## ਨਸ਼ਿਆਂ ਵਿਰੁੱਧ ਕੇਂਦਰ ਨੂੰ ਤਿੰਨ ਪੱਤਰ ਲਿਖੇ, ਪਰ ਕੋਈ ਜਵਾਬ ਨਹੀਂ ਮਿਲਿਆ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**



ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰ ਦੀ ਭਾਜਪਾ ਸਰਕਾਰ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਪੰਜਾਬ ਵਿੱਚ ਫੈਲ ਰਹੇ ਸਿੰਥੈਟਿਕ ਅਤੇ ਮੈਡੀਕਲ ਨਸ਼ੇ ਦਾ ਮੁੱਖ ਸਰੋਤ ਭਾਜਪਾ ਅਤੇ ਕਾਂਗਰਸ ਸ਼ਾਸਤ ਰਾਜ ਹਨ, ਜਿੱਥੇ ਧੜੱਲੇ ਨਾਲ ਪਾਬੰਦੀਸ਼ੁਦਾ ਦਵਾਈਆਂ ਅਤੇ ਕੈਮੀਕਲ ਤਿਆਰ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਇਸ 'ਤੇ ਲਗਾਤਾਰ ਸਖ਼ਤ ਕਾਰਵਾਈ ਕਰ ਰਹੀ ਹੈ, ਪਰ ਕੇਂਦਰ ਸਰਕਾਰ ਅਪਰਾਧੀਆਂ 'ਤੇ ਨੱਥ ਪਾਉਣ ਦੀ ਬਜਾਏ ਇਸ ਗੰਭੀਰ ਮੁੱਦੇ 'ਤੇ ਅੱਖਾਂ ਬੰਦ ਕਰਕੇ ਬੈਠੀ ਹੈ। ਮੰਗਲਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਖੁਲਾਸਾ ਕੀਤਾ ਕਿ ਪੰਜਾਬ ਦੇ ਅੰਦਰ ਪ੍ਰੈਗਾਬਾਲਿਨ, ਗੈਬਾ, ਡਾਇਸਟਨ, ਡਾਈਸਨ, ਕਲੋਮਾਈਨ, ਟ੍ਰਾਮਾਡੋਲ, ਜ਼ੋਪਕਿਨਲੋਨ, ਫਲੂ ਪ੍ਰੈਕਟਸੋਲ ਅਤੇ ਕੈਰੀਸਪੋਡਲਸ ਵਰਗੀਆਂ ਪਾਬੰਦੀਸ਼ੁਦਾ ਦਵਾਈਆਂ ਦੀ ਦੁਰਵਰਤੋਂ ਨਸ਼ੇ ਵਜੋਂ ਹੋ ਰਹੀ ਹੈ। ਇਹ ਸਾਰੀਆਂ ਦਵਾਈਆਂ ਬਿਨਾਂ ਡਾਕਟਰ ਦੀ ਪਰਚੀ ਦੇ ਨਹੀਂ ਮਿਲ ਸਕਦੀਆਂ ਅਤੇ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪੰਜਾਬ ਵਿੱਚ ਇਨ੍ਹਾਂ ਵਿੱਚੋਂ ਇੱਕ ਵੀ ਦਵਾਈ ਦੀ ਸਿੰਗਲ ਫੈਕਟਰੀ ਨਹੀਂ ਹੈ। ਇਹ ਸਾਰੀਆਂ ਫੈਕਟਰੀਆਂ ਹਰਿਆਣਾ, ਹਿਮਾਚਲ ਪ੍ਰਦੇਸ਼ (ਬੱਦੀ), ਰਾਜਸਥਾਨ ਅਤੇ ਗੁਜਰਾਤ (ਅਹਿਮਦਾਬਾਦ) ਵਰਗੇ ਰਾਜਾਂ ਵਿੱਚ ਚੱਲ ਰਹੀਆਂ ਹਨ, ਜਿੱਥੇ ਭਾਜਪਾ ਜਾਂ ਕਾਂਗਰਸ ਦੀਆਂ ਸਰਕਾਰਾਂ ਹਨ। ਪੰਜਾਬ ਸਰਕਾਰ ਨੇ ਇਨ੍ਹਾਂ ਦਵਾਈਆਂ ਨੂੰ ਐੱਨ ਡੀ ਪੀ ਐੱਸ ਐਕਟ ਦੇ ਸ਼ਡਿਊਲ ਵਿੱਚ ਸ਼ਾਮਲ ਕਰਨ ਲਈ 31 ਅਕਤੂਬਰ 2025 ਅਤੇ 21 ਸਤੰਬਰ 2026 ਨੂੰ ਸਿਹਤ ਵਿਭਾਗ ਰਾਹੀਂ ਪੱਤਰ ਭੇਜੇ ਸਨ। ਇਸ ਤੋਂ ਇਲਾਵਾ ਸਿਹਤ ਮੰਤਰੀ ਡਾ. ਬਲਬੀਰ ਨੇ ਵੀ ਪੱਤਰ ਲਿਖੇ ਸਨ, ਪਰ ਕੇਂਦਰ ਸਰਕਾਰ ਨੇ ਅੱਜ ਤੱਕ ਕੋਈ ਠੋਸ ਜਵਾਬ ਨਹੀਂ ਦਿੱਤਾ। ਚੀਮਾ ਨੇ ਆਪਣੇ ਬਤੌਰ ਆਬਕਾਰੀ ਅਤੇ ਕਰ ਮੰਤਰੀ ਕਾਰਜਕਾਲ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਮਿਥਾਇਲ ਅਲਕੋਹਲ (ਜੋ ਕਿ ਸਿਰਫ਼ ਉਦਯੋਗਿਕ ਵਰਤੋਂ ਲਈ ਹੁੰਦਾ ਹੈ) ਦੀ ਦੁਰਵਰਤੋਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕਰਦਿਆਂ ਕੇਂਦਰ ਸਰਕਾਰ ਨੂੰ ਦੋ ਪੱਤਰ ਭੇਜੇ ਸਨ, ਪਰ ਕੇਂਦਰੀ ਮੰਤਰੀ ਪੀਯੂਸ਼ ਗੋਇਲ ਵੱਲੋਂ ਸਿਰਫ਼ 1952 ਦੇ ਇਨਫਲੇਮੇਬਲ ਸਬਸਟੈਂਸ ਐਕਟ, 1934 ਦੇ ਪੈਟਰੋਲੀਅਮ ਐਕਟ ਅਤੇ 1919 ਦੇ ਪੁਆਇਜ਼ਨ ਐਕਟ ਵਰਗੇ ਅੰਗਰੇਜ਼ਾਂ ਦੇ ਸਮੇਂ ਦੇ ਪੁਰਾਣੇ ਕਾਨੂੰਨਾਂ ਦਾ ਹਵਾਲਾ ਦੇ ਕੇ ਪੱਲਾ ਝਾੜ ਲਿਆ ਗਿਆ। ਸੰਗਰੂਰ ਅਤੇ ਮਜੀਠਾ ਵਿੱਚ ਮਿਥਾਨੌਲ ਦੇ ਸੇਵਨ ਨਾਲ ਹੋਈਆਂ ਮੌਤਾਂ ਦਾ ਜ਼ਿਕਰ ਕਰਦਿਆਂ ਉਨ੍ਹਾ ਦੱਸਿਆ ਕਿ ਇਨ੍ਹਾਂ ਮਾਮਲਿਆਂ ਵਿੱਚ ਫਰੀਦਾਬਾਦ (ਹਰਿਆਣਾ) ਤੋਂ ਆ ਰਹੇ ਕੈਮੀਕਲ ਦਾ ਖੁਲਾਸਾ ਹੋਇਆ ਅਤੇ ਪੰਜਾਬ ਸਰਕਾਰ ਨੇ ਉਨ੍ਹਾਂ ਫਰਮਾਂ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਕਰਦਿਆਂ ਜੇਲ੍ਹ ਭੇਜਿਆ। ਪੰਜਾਬ ਦੌਰੇ 'ਤੇ ਆ ਰਹੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਵਾਲ ਪੁੱਛਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਦੇ ਸਮੇਂ 2017 ਤੋਂ 2022 ਦੇ ਵਿਚਕਾਰ ਪੰਜਾਬ ਦੇ ਅੰਦਰ ਬੀ ਐੱਸ ਐੱਫ ਦਾ ਦਾਇਰਾ 55 ਕਿਲੋਮੀਟਰ ਤੱਕ ਵਧਾਇਆ ਗਿਆ ਸੀ, ਤਾਂ ਜੋ ਅੰਤਰਰਾਸ਼ਟਰੀ ਸਰਹੱਦ ਤੋਂ ਆ ਰਹੀ ਨਸ਼ਾ ਤਸਕਰੀ ਨੂੰ ਰੋਕਿਆ ਜਾ ਸਕੇ, ਪਰ ਗ੍ਰਹਿ ਮੰਤਰੀ ਅਮਿਤ ਸ਼ਾਹ ਪੂਰੀ ਤਰ੍ਹਾਂ ਫੇਲ੍ਹ ਰਹੇ ਹਨ। ਪੰਜਾਬ ਪੁਲਸ ਨੂੰ ਮਜ਼ਬੂਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਦੀ ਮੰਗ ਕੀਤੀ ਗਈ, ਪਰ ਕੇਂਦਰ ਨੇ ਕੋਈ ਆਰਥਿਕ ਮਦਦ ਨਹੀਂ । ਇਸ ਦੇ ਉਲਟ, ਪੰਜਾਬ ਦੇਸ਼ ਦਾ ਇਕੱਲਾ ਰਾਜ ਬਣਿਆ, ਜਿਸ ਨੇ ਆਪਣੇ ਬਲਬੂਤੇ 'ਤੇ ਐਂਟੀ-ਡਰੋਨ ਸਿਸਟਮ ਲਾਗੂ ਕੀਤਾ, ਜਿਸ ਨਾਲ ਪਾਕਿਸਤਾਨ ਵੱਲੋਂ ਆਉਣ ਵਾਲੇ ਡਰੋਨਾਂ ਰਾਹੀਂ ਨਸ਼ੇ ਦੇ ਮੌਡਿਊਲ ਨੂੰ ਤੋੜਿਆ ਜਾ ਰਿਹਾ ਹੈ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਸਰਕਾਰ ਕਾਲੇ ਖੇਤੀ ਕਾਨੂੰਨਾਂ ਰਾਹੀਂ ਕਿਸਾਨਾਂ ਦੀ ਸ਼ਹਾਦਤ ਤਾਂ ਕਰਵਾ ਸਕਦੀ ਹੈ, ਪਰ ਨੌਜਵਾਨਾਂ ਦੀ ਜਾਨ ਬਚਾਉਣ ਵਾਲੇ ਮੈਡੀਕਲ ਨਸ਼ੇ ਦੇ ਕਾਨੂੰਨਾਂ ਵਿੱਚ ਸੋਧ ਲਈ ਉਨ੍ਹਾਂ ਕੋਲ ਕੋਈ ਸਮਾਂ ਨਹੀਂ ਹੈ। ਅੱਜ ਭਾਜਪਾ ਪੰਜਾਬ ਨੂੰ ਆਪਣੀਆਂ ਰਾਜਨੀਤਿਕ ਰੋਟੀਆਂ ਸੇਕਣ ਦਾ ਅਖਾੜਾ ਬਣਾਉਣਾ ਚਾਹੁੰਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨਸ਼ਿਆਂ ਦੇ ਖਿਲਾਫ ਪੂਰੀ ਤਰ੍ਹਾਂ ਸਖ਼ਤ ਹੈ। ਨਸ਼ਿਆਂ ਦੇ ਖਿਲਾਫ ਲੜਨ ਵਾਲੇ ਸਾਡੇ ਭਾਈ ਪਰਵਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਦੋਸ਼ੀਆਂ 'ਤੇ ਪੁਲਸ ਕਾਰਵਾਈ ਤੋਂ ਬਾਅਦ ਹੁਣ ਇਸ ਕੇਸ ਨੂੰ ਪੂਰੀ ਪਾਰਦਰਸ਼ਤਾ ਲਈ ਸੀ ਬੀ ਆਈ ਨੂੰ ਤਬਦੀਲ ਕਰਨ ਦਾ ਇਤਿਹਾਸਕ ਫੈਸਲਾ ਲਿਆ ਗਿਆ ਹੈ। ਪੰਜਾਬ ਸਰਕਾਰ ਨਸ਼ਾ ਤਸਕਰਾਂ ਵਿਰੁੱਧ ਆਪਣੀ ਜੰਗ ਕਿਸੇ ਵੀ ਕੀਮਤ 'ਤੇ ਰੁਕਣ ਨਹੀਂ ਦੇਵੇਗੀ।

## ਰੋਨਾਲਡੋ ਮਹੀਨੇ ਲਈ ਮੁਅੱਤਲ

**ਲਿਸਬਨ** : ਪੁਰਤਗਾਲੀ ਕੈਂਪ ਵਿੱਚੋਂ ਬਾਹਰ ਜਾਣ ਕਾਰਨ ਕ੍ਰਿਸਟਿਆਨੋ ਰੋਨਾਲਡੋ ਨੂੰ ਕੌਮੀ ਫੁਟਬਾਲ ਫੈਡਰੇਸ਼ਨ ਨੇ ਇੱਕ ਅਕਤੂਬਰ ਤੋਂ 30 ਦਿਨਾਂ ਲਈ ਮੁਅੱਤਲ ਕਰਨ ਦੇ ਨਾਲ-ਨਾਲ 255 ਯੂਰੋ ਦਾ ਜੁਰਮਾਨਾ ਕੀਤਾ ਹੈ। ਫੈਡਰੇਸ਼ਨ ਨੇ ਦੱਸਿਆ ਕਿ ਰੋਨਾਲਡੋ ਨੇ ਆਪਣੇ ਉੱਤੇ ਲੱਗੇ ਦੋਸ਼ਾਂ ਅਤੇ ਉਨ੍ਹਾਂ ਨਾਲ ਜੁੜੇ ਤੱਥਾਂ ਨੂੰ ਪੂਰੀ ਤਰ੍ਹਾਂ ਮੰਨ ਲਿਆ ਹੈ। ਉਸ ਦੇ ਗਲਤੀ ਮੰਨਣ ਅਤੇ ਪਹਿਲਾਂ ਤੋਂ ਸਾਫ-ਸੁਥਰੇ ਅਨੁਸ਼ਾਸਨੀ ਰਿਕਾਰਡ ਕਾਰਨ ਸਜ਼ਾ ਘਟਾਉਣ ਵਿੱਚ ਮਦਦ ਮਿਲੀ। ਹਾਲ ਹੀ ਵਿੱਚ ਹੋਏ ਨੇਸ਼ਨਜ਼ ਲੀਗ ਮੈਚਾਂ ਦੌਰਾਨ, ਰੋਨਾਲਡੋ ਵੇਲਜ਼ ਵਿਰੁੱਧ ਸ਼ੁਰੂਆਤੀ ਜਿੱਤ ਵਿੱਚ ਖੇਡਿਆ ਸੀ ਅਤੇ ਫਿਰ 27 ਸਤੰਬਰ ਨੂੰ ਨਾਰਵੇ ਵਿੱਚ ਹੋਈ ਜਿੱਤ ਦੌਰਾਨ ਉਹ ਇੱਕ ਅਣਵਰਤਿਆ ਬਦਲਵਾਂ ਖਿਡਾਰੀ ਸੀ। ਰੋਨਾਲਡੋ ਨੇ ਕੋਚ ਜੌਰਜ ਜੇਸੁਸ 'ਤੇ ਉਸ ਨੂੰ ਖਿਡਾਉਣ ਦੇ ਸਮਝੌਤੇ ਨੂੰ ਤੋੜਨ ਦਾ ਦੋਸ਼ ਲਗਾਇਆ ਅਤੇ ਕੈਂਪ ਛੱਡ ਕੇ ਚਲਾ ਗਿਆ। ਉਸ ਤੋਂ ਬਿਨਾਂ ਪੁਰਤਗਾਲ ਨੇ ਕੁਆਰਟਰ ਫਾਈਨਲ ਵਿੱਚ ਪਹੁੰਚਣ ਲਈ ਡੈਨਮਾਰਕ ਅਤੇ ਨਾਰਵੇ ਨੂੰ ਫਿਰ ਤੋਂ ਹਰਾਇਆ।

## ਲਾਲਾ ਕਸਤੂਰੀ ਵਿੱਦਿਆ ਮੰਦਰ ਵਿਖੇ ਕੰਨਿਆ ਪੂਜਨ ਕਰਵਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਵਿਖੇ ਪ੍ਰਿੰਸੀਪਲ ਸੰਜੀਵ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਮਹਾਂਨੌਮੀ ਦੇ ਪਵਿੱਤਰ ਅਵਸਰ 'ਤੇ ਕੰਨਿਆ ਪੂਜਨ ਦਾ ਪ੍ਰੋਗਰਾਮ ਬੜੀ ਸ਼ਰਧਾ ਤੇ ਭਗਤੀ ਭਾਵਨਾ ਨਾਲ ਸੰਪੰਨ ਹੋਇਆ।ਪ੍ਰੋਗਰਾਮ ਦੀ ਸ਼ੁਰੂਆਤ ਮਾਂ ਦੁਰਗਾ ਦੀ ਸਤੁਤੀ ਨਾਲ ਕੀਤੀ ਗਈ।ਇਸ ਉਪਰੰਤ ਕੰਨਿਆਵਾਂ ਦੀ ਵਿਧੀਪੂਰਵਕ ਪੂਜਾ ਕਰਕੇ ਉਨ੍ਹਾਂ ਦੇ ਤਿਲਕ ਲਗਾਇਆ ਗਿਆ ਤੇ ਭੋਗ ਅਰਪਿਤ ਕੀਤਾ ਗਿਆ।ਇਸ ਮੌਕੇ ਸੋਸ਼ਲ ਵਰਕਰ ਸ੍ਰੀ ਸੰਜੀਵ ਕੁਮਾਰ ਬਾਂਸਲ ਤੇ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਅਨੂ ਬਾਂਸਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਵੀ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਕੰਨਿਆਵਾਂ ਨੂੰ ਸ਼ਰਧਾਪੂਰਵਕ ਨਮਨ ਕੀਤਾ।ਪ੍ਰਿੰਸੀਪਲ ਸੰਜੀਵ ਕੁਮਾਰ ਤੇ ਹਾਜ਼ਰ ਮਹਿਮਾਨਾਂ ਨੇ ਕੰਨਿਆਵਾਂ ਨੂੰ ਪ੍ਰਸਾਦ ਵੰਡਿਆ ਤੇ ਤੋਹਫ਼ੇ ਭੇਟ ਕੀਤੇ।ਇਸ ਪ੍ਰੋਗਰਾਮ ਰਾਹੀਂ ਭਾਰਤੀ ਸੰਸਕ੍ਰਿਤੀ, ਧਾਰਮਿਕ ਆਸਥਾ ਤੇ ਨਾਰੀ ਸ਼ਕਤੀ ਦੇ ਸਤਿਕਾਰ ਦਾ ਸੰਦੇਸ਼ ਦਿੱਤਾ ਗਿਆ।ਪੂਰੇ ਵਾਤਾਵਰਨ ਵਿੱਚ ਸ਼ਰਧਾ, ਭਗਤੀ ਤੇ ਉਤਸ਼ਾਹ ਦੀ ਭਾਵਨਾ ਦੇਖਣ ਨੂੰ ਮਿਲੀ।ਇਸ ਮੌਕੇ ਯੋਗ ਪ੍ਰਮੁੱਖ ਵਿਪਨ ਕੁਮਾਰ, ਸ਼ਿਸ਼ੂ ਵਾਟਿਕਾ ਦੀ ਇੰਚਾਰਜ ਦੀਦੀ ਸ੍ਰੀਮਤੀ ਨਿਰਮਲਜੀਤ ਕੌਰ ਸਮੇਤ ਸ਼ਿਸ਼ੂ ਵਾਟਿਕਾ ਦੀਆਂ ਸਾਰੀਆਂ ਦੀਦੀਆਂ ਹਾਜ਼ਰ ਸਨ।

# ਮਾਤਾ ਗੁਜਰੀ ਕਾਲਜ ਨੇ ਖੇਤਰੀ ਯੁਵਕ ਮੇਲੇ ਦੀ ਜਿੱਤੀ ਓਵਰਆਲ ਫ਼ਸਟ ਰਨਰਜ਼ਅੱਪ ਟਰਾਫ਼ੀ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸੈਸ਼ਨ 2026-27 ਦੇ ਰੋਪੜ ਫ਼ਤਹਿਗੜ੍ਹ ਸਾਹਿਬ ਜ਼ੋਨ ਦੇ ਖੇਤਰੀ ਯੁਵਕ ਤੇ ਲੋਕ ਮੇਲੇ ਵਿੱਚ ਓਵਰਆਲ ਫ਼ਸਟ ਰਨਰਜ਼ਅੱਪ ਟਰਾਫ਼ੀ ਜਿੱਤ ਕੇ ਮਾਣਮੱਤੀ ਪ੍ਰਾਪਤੀ ਕੀਤੀ।ਚਾਰ ਦਿਨ ਲਗਾਤਾਰ ਚੱਲੇ ਇਸ ਯੁਵਕ ਮੇਲੇ ਵਿੱਚ ਹੋਏ ਲਗਭਗ 60 ਵੱਖ-ਵੱਖ ਮੁਕਾਬਲਿਆਂ ਵਿੱਚ ਮਾਤਾ ਗੁਜਰੀ ਕਾਲਜ ਨੇ ਫਾਈਨ ਆਰਟਸ ਦੀ ਓਵਰਆਲ ਟਰਾਫ਼ੀ ਹਾਸਲ ਕੀਤੀ।ਵਰਣਨਯੋਗ ਹੈ ਕਿ ਕਾਲਜ ਨੇ ਕੁੱਲ 16 ਵੱਖ-ਵੱਖ ਵੰਨਗੀਆਂ ਜਿਵੇਂ ਸੁਗਮ ਸੰਗੀਤ (ਗ਼ਜ਼ਲ), ਸਮੂਹ ਗਾਇਨ (ਭਾਰਤੀ), ਨਾਲਾ ਬੁਣਨਾ, ਕਢਾਈ, ਰੱਸਾ ਵੱਟਣਾ, ਲੋਕ ਨਾਚ ਲੜਕੀਆਂ (ਸੰਮੀ), ਪੱਛਮੀ ਗਾਇਨ (ਏਕਲ), ਗਰੁੱਪ ਕੱਵਾਲੀ, ਪੱਛਮੀ ਸਾਜ਼, ਰੰਗੋਲੀ, ਮੌਕੇ 'ਤੇ ਚਿੱਤਰਕਾਰੀ, ਇੰਸਟਾਲੇਸ਼ਨ, ਲੋਕ-ਗੀਤ, ਭਾਸ਼ਣ ਕਲਾ, ਰਵਾਇਤੀ ਪਹਿਰਾਵਾ ਪ੍ਰਦਰਸ਼ਨੀ ਤੇ ਸ਼ਾਸਤਰੀ ਸੰਗੀਤ ਵਾਦਨ (ਤਾਲ) ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਕਾਲਜ ਨੇ 24 ਵੱਖ-ਵੱਖ ਵੰਨਗੀਆਂ ਜਿਵੇਂ ਸਮੂਹ ਸ਼ਬਦ/ਭਜਨ ਗਾਇਨ, ਸ਼ਾਸਤਰੀ ਸੰਗੀਤ ਗਾਇਨ (ਕਲਾਸੀਕਲ ਵੋਕਲ), ਸੁਗਮ ਸੰਗੀਤ (ਗੀਤ), ਲੋਕ ਨਾਚ ਲੜਕੇ (ਮਲਵਈ ਗਿੱਧਾ), ਗਰੁੱਪ ਕੋਰੀਓਗ੍ਰਾਫ਼ੀ, ਪੱਛਮੀ ਸਮੂਹ ਗਾਇਨ, ਮਹਿੰਦੀ, ਪੋਸਟਰ ਮੇਕਿੰਗ, ਕਾਰਟੂਨਿੰਗ, ਕੋਲਾਜ ਬਣਾਉਣਾ, ਫੋਕ ਆਰਕੈਸਟਰਾ, ਕਵਿ-ਉਚਾਰਣ, ਸ਼ਾਸਤਰੀ ਨ੍ਰਿਤ, ਸ਼ਾਸਤਰੀ ਸੰਗੀਤ ਵਾਦਨ (ਸਵਰ), ਕਲੀ ਗਾਇਨ, ਵਾਰ ਗਾਇਣ, ਕਵੀਸ਼ਰੀ ਤੇ ਹੋਰ ਮੁਕਾਬਲਿਆਂ ਵਿੱਚ ਦੂਸਰਾ ਸਥਾਨ ਹਾਸਲ ਕੀਤਾ।ਇਸੇ ਪ੍ਰਕਾਰ 7 ਵੱਖ-ਵੱਖ ਵੰਨਗੀਆਂ ਜਿਵੇਂ ਭੰਗੜਾ, ਪੰਜਾਬੀ ਲੋਕਧਾਰਾ ਤੇ ਸੱਭਿਆਚਾਰ ਕੁਇਜ਼, ਮਿੱਟੀ ਦੇ ਖਿਡੌਣੇ ਬਣਾਉਣਾ, ਪੰਜਾਬੀ ਲੋਕਧਾਰਾ ਤੇ ਸੱਭਿਆਚਾਰ ਲਘੂ ਫਿਲਮ, ਕਲੇਅ ਮਾਡਲਿੰਗ, ਫੋਟੋਗ੍ਰਾਫੀ ਤੇ ਰਵਾਇਤੀ ਲੋਕ-ਗੀਤ (ਲੰਮੀਆਂ ਹੇਕਾਂ ਵਾਲੇ ਗੀਤ) ਮੁਕਾਬਲਿਆਂ ਵਿੱਚ ਤੀਸਰਾ ਸਥਾਨ ਹਾਸਲ ਕੀਤਾ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ੍ਰ. ਹਰਜਿੰਦਰ ਸਿੰਘ ਧਾਮੀ ਨੇ ਕਾਲਜ ਦੇ ਪ੍ਰਿੰਸੀਪਲ, ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਉੱਤਰ ਭਾਰਤ ਦੀ ਸਿਰਮੌਰ ਉਚੇਰੀ ਸਿੱਖਿਆ ਸੰਸਥਾ ਮਾਤਾ ਗੁਜਰੀ ਕਾਲਜ ਨੇ ਮਾਣਮੱਤੀ ਪ੍ਰਾਪਤੀ ਕੀਤੀ ਹੈ।ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਇਸ ਸ਼ਾਨਦਾਰ ਸਫ਼ਲਤਾ ਲਈ ਕਾਲਜ ਦੇ ਸਟਾਫ਼ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਦੇ ਸਕੱਤਰ ਵਿੱਦਿਆ ਇੰਜੀ. ਸ੍ਰ. ਸੁਖਮਿੰਦਰ ਸਿੰਘ, ਕਾਲਜ ਦੀ ਗਵਰਨਿੰਗ ਕੌਂਸਲ ਦੇ ਐਡੀਸ਼ਨਲ ਸਕੱਤਰ ਸ੍ਰ. ਗੁਰਪ੍ਰੀਤ ਸਿੰਘ ਅਮਲੋਹ ਨੇ ਵੀ ਵਧਾਈ ਦਿੰਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਨਿਰੰਤਰ ਅਕਾਦਮਿਕ ਖੇਤਰ ਵਿਚ ਸ਼ਾਨਦਾਰ ਪ੍ਰਾਪਤੀਆਂ ਕਰਨ ਦੇ ਨਾਲ-ਨਾਲ ਸਹਿ-ਵਿੱਦਿਅਕ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਨਿੱਤ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ।

ਕਾਲਜ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਕਿਹਾ ਕਿ ਇਹ ਸ਼ਲਾਘਾਯੋਗ ਪ੍ਰਾਪਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਐਡਵੋਕੇਟ ਸ੍ਰ. ਹਰਜਿੰਦਰ ਸਿੰਘ ਧਾਮੀ ਦੀ ਸੁਯੋਗ ਅਗਵਾਈ, ਨਿਰੰਤਰ ਸਰਪ੍ਰਸਤੀ ਤੇ ਸਹਿਯੋਗ ਸਦਕਾ ਪ੍ਰਾਪਤ ਹੋਈ ਹੈ।ਉਨ੍ਹਾਂ ਕਾਲਜ ਦੀ ਗਵਰਨਿੰਗ ਬਾਡੀ ਦਾ ਸਹਿਯੋਗ ਤੇ ਅਗਵਾਈ ਲਈ ਧੰਨਵਾਦ ਕਰਦਿਆਂ ਕਾਲਜ ਸਟਾਫ਼, ਕੋਚਿੰਗ ਸਟਾਫ਼ ਤੇ ਵਿਦਿਆਰਥੀਆਂ ਦੀ ਮਿਹਨਤ ਤੇ ਸਮਰਪਣ ਦੀ ਸ਼ਲਾਘਾ ਕੀਤੀ।ਕਾਲਜ ਦੇ ਡੀਨ ਸੱਭਿਆਚਾਰਕ ਗਤੀਵਿਧੀਆਂ ਡਾ. ਰਾਸ਼ਿਦ ਰਸ਼ੀਦ ਨੇ ਕਾਲਜ ਪ੍ਰਿੰਸੀਪਲ, ਵੱਖ-ਵੱਖ ਗਤੀਵਿਧੀਆਂ ਦੇ ਕਨਵੀਨਰ ਸਾਹਿਬਾਨ, ਅਧਿਆਪਕ ਇੰਚਾਰਜ ਤੇ ਕੋਚ ਸਾਹਿਬਾਨ ਦਾ ਸਹਿਯੋਗ ਦੇਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਪ੍ਰੋ. ਮੁਹੰਮਦ ਅਨਵਰ, ਡਾ. ਕੁਲਦੀਪ ਕੌਰ, ਡਾ. ਲਵਨੀਤ ਕੌਰ, ਡਾ. ਤਰਨਪ੍ਰੀਤ ਕੌਰ, ਡਾ. ਹਰਜੀਤ ਕੌਰ, ਡਾ. ਸੀਮਾ ਰਾਣੀ, ਡਾ. ਅਵਨੀਤ ਕੌਰ, ਡਾ. ਗਗਨਦੀਪ ਸਿੰਘ, ਡਾ. ਹਰਭਿੰਦਰ ਸਿੰਘ, ਡਾ. ਰਤਨੇਸ਼ਪਾਲ ਸਿੰਘ, ਡਾ. ਮਨਪ੍ਰੀਤ ਕੌਰ, ਡਾ. ਪੁਸ਼ਪਿੰਦਰ ਸਿੰਘ, ਡਾ. ਹਰਗੁਣਪ੍ਰੀਤ ਸਿੰਘ, ਡਾ. ਕੁਲਵਿੰਦਰ ਸਿੰਘ, ਪ੍ਰੋ. ਸੁਖਵਿੰਦਰ ਸਿੰਘ ਤੋਂ ਇਲਾਵਾ ਹੋਰ ਸਟਾਫ਼ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

## ਸਬਜ਼ੀ ਮੰਡੀ ਦੇ ਪਿਸ਼ਾਬ ਘਰ ਦੀ ਬਦਬੂ ਨੇ ਲੋਕਾਂ ਦਾ ਜੀਣਾ ਦੁੱਭਰ ਕੀਤਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-'ਦੀਵੇ ਥੱਲੇ ਹਨੇਰਾ' ਇਹ ਅਖਾਣ ਅੱਜਕੱਲ੍ਹ ਧੂਰੀ ਨਗਰ ਕੌਂਸਲ ਦੀ ਕਾਰਗੁਜ਼ਾਰੀ 'ਤੇ ਪੂਰੀ ਤਰ੍ਹਾਂ ਢੁੱਕਵੀਂ ਬੈਠਦੀ ਹੈ।ਸ਼ਹਿਰ ਦੀ ਸਫਾਈ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੇ ਪ੍ਰਸ਼ਾਸਨ ਦੀ ਅਸਲ ਤਸਵੀਰ ਸਬਜ਼ੀ ਮੰਡੀ ਵਿੱਚ ਦੇਖਣ ਨੂੰ ਮਿਲ ਰਹੀ ਹੈ, ਜਿੱਥੇ ਸਥਿਤ ਪਿਸ਼ਾਬ ਘਰ ਦੀ ਹਾਲਤ ਬੇਹੱਦ ਤਰਸਯੋਗ ਤੇ ਗੰਭੀਰ ਬਣੀ ਹੋਈ ਹੈ।ਇਸ ਪਿਸ਼ਾਬ ਘਰ ਦੀ ਰੋਜ਼ਾਨਾ ਸਫਾਈ ਨਾ ਹੋਣ ਕਰਕੇ ਇਸ ਦੀ ਅਸਹਿ ਬਦਬੂ ਦੂਰ-ਦੂਰ ਤੱਕ ਫੈਲ ਰਹੀ ਹੈ।ਮੰਡੀ ਵਿੱਚੋਂ ਲੰਘਣ ਵਾਲੇ ਰਾਹਗੀਰਾਂ, ਦੁਕਾਨਦਾਰਾਂ ਤੇ ਖਰੀਦਦਾਰਾਂ ਨੂੰ ਆਪਣੇ ਨੱਕ 'ਤੇ ਰੁਮਾਲ ਰੱਖ ਕੇ ਲੰਘਣ ਲਈ ਮਜਬੂਰ ਹੋਣਾ ਪੈਂਦਾ ਹੈ।ਪਿਸ਼ਾਬ ਘਰ ਦੀ ਇਸ ਬਦਤਰ ਹਾਲਤ ਨੇ ਆਸ-ਪਾਸ ਦੇ ਪੂਰੇ ਵਾਤਾਵਰਨ ਨੂੰ ਦੂਸ਼ਿਤ ਕਰ ਦਿੱਤਾ ਹੈ, ਜਿਸ ਨਾਲ ਬੀਮਾਰੀਆਂ ਫੈਲਣ ਦਾ ਵੀ ਡਰ ਬਣਿਆ ਹੋਇਆ ਹੈ।ਇਸ ਬਦਬੂਦਾਰ ਪਿਸ਼ਾਬ ਘਰ ਦੇ ਬਿਲਕੁਲ ਨਾਲ ਹੀ ਮੁੱਖ ਸਬਜ਼ੀ ਮੰਡੀ ਹੈ, ਜਿੱਥੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਔਰਤਾਂ ਤੇ ਸ਼ਹਿਰ ਵਾਸੀ ਤਾਜ਼ੀ ਸਬਜ਼ੀ ਖ੍ਰੀਦਣ ਆਉਂਦੇ ਹਨ।ਗੰਦਗੀ ਤੇ ਬਦਬੂ ਕਾਰਨ ਵਿਸ਼ੇਸ਼ ਤੌਰ 'ਤੇ ਔਰਤਾਂ ਨੂੰ ਭਾਰੀ ਜਲਾਲਤ ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਸਥਾਨਕ ਨਿਵਾਸੀਆਂ ਤੇ ਦੁਕਾਨਦਾਰਾਂ ਨੇ ਨਗਰ ਕੌਂਸਲ ਧੂਰੀ ਤੇ ਉੱਚ ਅਧਿਕਾਰੀਆਂ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਇਸ ਪਿਸ਼ਾਬ ਘਰ ਦੀ ਤੁਰੰਤ ਮੁਕੰਮਲ ਸਫਾਈ ਕਰਵਾਈ ਜਾਵੇ ਤੇ ਇਸ ਦੀ ਨਿਯਮਤ ਦੇਖ-ਭਾਲ ਯਕੀਨੀ ਬਣਾਈ ਜਾਵੇ, ਤਾਂ ਜੋ ਲੋਕਾਂ ਨੂੰ ਇਸ ਨਰਕ ਭਰੀ ਸਥਿਤੀ ਤੋਂ ਰਾਹਤ ਮਿਲ ਸਕੇ।

## ਵੱਡੀ ਗਿਣਤੀ ਨੌਜਵਾਨਾਂ ਵੱਲੋਂ 'ਆਪ' 'ਚ ਸ਼ਮੂਲੀਅਤ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਆਮ ਆਦਮੀ ਪਾਰਟੀ ਵੱਲੋਂ ਅਗਾਮੀ ਚੋਣਾਂ ਦੇ ਮੱਦੇਨਜ਼ਰ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪੁਚਾਉਣ ਲਈ ਘਰ-ਘਰ ਜਾ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ।ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਡੀਟੀਓ ਕਰਨ ਸਿੰਘ ਦੀ ਅਗਵਾਈ ਹੇਠ ਹਲਕਾ ਸ਼ੁਤਰਾਣਾ ਦੇ ਛੀਨਿਆਂ ਵਾਲਾ ਪੰਚਾਇਤ ਦੀ ਡੇਰਾ ਮੱਲੇਵਾਲ ਵਿਖੇ ਪ੍ਰਚਾਰ ਲਈ ਮੀਟਿੰਗ ਕੀਤੀ, ਜਿਥੇ ਬਹੁਤ ਸਾਰੇ ਨੌਜਵਾਨਾਂ ਅਤੇ ਬਜ਼ੁਰਗਾਂ ਵੱਲੋਂ ਸਰਕਾਰ ਦੁਆਰਾ ਕੀਤੇ ਜਾ ਰਹੇ ਵਿਕਾਸ ਨੂੰ ਵੇਖਦਿਆਂ 'ਆਪ' 'ਚ ਸ਼ਮੂਲੀਅਤ ਕੀਤੀ ਗਈ।'ਆਪ' ਆਗੂ ਕਰਨ ਸਿੰਘ ਨੇ ਸ਼ਮੂਲੀਅਤ ਕਰਨ ਲਈ ਨੌਜਵਾਨਾਂ ਤੇ ਬਜ਼ੁਰਗਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਦੌਰਾਨ ਕੀਤੇ ਸਾਰੇ ਵਾਅਦੇ ਭ੍ਰਿਸ਼ਟਾਚਾਰ ਨੂੰ ਲਗਾਮ ਦੇਣ, ਬਿਜਲੀ ਤੇ ਨਹਿਰੀ ਪਾਣੀ ਦੇਣ, ਬੀਬੀਆਂ ਦੇ ਖਾਤਿਆਂ ਵਿੱਚ ਪੈਸੇ ਪਾਉਣ, ਮੁਫ਼ਤ ਬੱਸ ਸਫ਼ਰ ਤੇ ਬਜ਼ੁਰਗਾਂ ਦੀ ਤੀਰਥ ਯਾਤਰਾ ਵਰਗੇ ਵਾਅਦੇ ਪੂਰੇ ਕਰ ਦਿੱਤੇ ਹਨ, ਪ੍ਰੰਤੂ ਜਿੱਥੇ ਕਿਤੇ ਅਜੇ ਵੀ ਕੋਈ ਕੰਮ ਅਧੂਰਾ ਹੈ ਤਾਂ ਉਹ ਵਾਅਦਾ ਕਰਦੇ ਹਨ ਕਿ ਦੁਬਾਰਾ ਸਰਕਾਰ ਬਣਨ ਤੇ ਪਹਿਲ ਦੇ ਆਧਾਰ ਤੇ ਪੂਰੇ ਕੀਤੇ ਜਾਣਗੇ।ਉਨ੍ਹਾਂ ਆਪਣੀ ਪਤਨੀ ਅਤੇ ਸਾਬਕਾ ਵਿਧਾਇਕ ਬੀਬੀ ਵਨਿੰਦਰ ਕੌਰ ਲੂੰਬਾ ਨੂੰ ਦੁਬਾਰਾ ਵਿਧਾਇਕ ਬਣਾਉਣ ਲਈ ਆਖਦਿਆਂ ਕਿਹਾ ਕਿ ਅਸੀਂ ਹਮੇਸ਼ਾ ਹਲਕੇ ਦੇ ਭਲੇ ਤੇ ਵਿਕਾਸ ਲਈ ਯਤਨਸ਼ੀਲ ਰਹੇ ਹਾਂ ਅਤੇ ਜਿੱਤਣ ਮਗਰੋਂ ਵੀ ਰਹਿਣਗੇ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਸਥਾਨਕ ਆਗੂ ਨੂੰ ਟਿਕਟ ਦੇਣ ਦੀ ਉੱਠੀ ਮੰਗ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਦੇ ਦਾਅਵੇਦਾਰ ਪਰਮਜੀਤ ਸਿੰਘ ਕਾਕਾ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਹਲਕੇ ਦੇ ਲੋਕ ਹਮੇਸ਼ਾ ਆਪਣੇ ਇਲਾਕੇ ਨਾਲ ਸਬੰਧਤ ਉਮੀਦਵਾਰਾਂ ਨੂੰ ਪਹਿਲ ਦਿੰਦੇ ਆਏ ਹਨ।ਉਨ੍ਹਾਂ ਕਿਹਾ ਕਿ ਇਸ ਹਲਕੇ ਦੇ ਲੋਕਾਂ ਨੇ ਬਾਹਰੋਂ ਆਏ ਉਮੀਦਵਾਰਾਂ ਨੂੰ ਕਦੇ ਵੀ ਉਹ ਹੁੰਗਾਰਾ ਨਹੀਂ ਦਿੱਤਾ, ਜਿਸ ਦੀ ਉਨ੍ਹਾਂ ਨੂੰ ਉਮੀਦ ਸੀ।ਉਨ੍ਹਾਂ ਕਿਹਾ ਕਿ ਭਾਵੇਂ ਜਗਰਾਓਂ ਤੋਂ ਆਏ ਐੱਸ.ਆਰ. ਕਲੇਰ ਹੋਣ ਜਾਂ ਗੁਲਜ਼ਾਰ ਸਿੰਘ ਰਣੀਕੇ, ਹਲਕੇ ਦੇ ਲੋਕਾਂ ਨੇ ਇਨ੍ਹਾਂ ਉਮੀਦਵਾਰਾਂ ਨੂੰ ਸਿਆਸੀ ਤੌਰ 'ਤੇ ਸਵੀਕਾਰ ਨਹੀਂ ਕੀਤਾ।ਇਸ ਦੇ ਉਲਟ ਮਾਸਟਰ ਅਜੀਤ ਸਿੰਘ ਸ਼ਾਂਤ, ਰਾਜਵਿੰਦਰ ਕੌਰ ਭਾਗੀਕੇ ਤੇ ਮਨਜੀਤ ਸਿੰਘ ਬਿਲਾਸਪੁਰ ਵਰਗੇ ਸਥਾਨਕ ਆਗੂਆਂ ਨੂੰ ਲੋਕਾਂ ਨੇ ਵਿਧਾਇਕ ਵਜੋਂ ਚੁਣ ਕੇ ਮਾਣ-ਸਤਿਕਾਰ ਦਿੱਤਾ।ਪਰਮਜੀਤ ਸਿੰਘ ਕਾਕਾ ਨੇ ਕਿਹਾ ਕਿ ਨਿਹਾਲ ਸਿੰਘ ਵਾਲਾ ਇੱਕ ਵੱਡਾ ਵਿਧਾਨ ਸਭਾ ਹਲਕਾ ਹੈ ਤੇ ਇੱਥੇ ਪਾਰਟੀ ਕੋਲ ਕਈ ਅਜਿਹੇ ਸਥਾਨਕ ਆਗੂ ਮੌਜੂਦ ਹਨ, ਜੋ ਲੰਮੇ ਸਮੇਂ ਤੋਂ ਪਾਰਟੀ ਦੀ ਸੇਵਾ ਕਰ ਰਹੇ ਹਨ ਤੇ ਲੋਕਾਂ ਵਿੱਚ ਆਪਣੀ ਪਛਾਣ ਰੱਖਦੇ ਹਨ।ਇਸ ਦੇ ਬਾਵਜੂਦ ਜੇਕਰ ਪਾਰਟੀਆਂ ਵੱਲੋਂ ਬਾਹਰਲੇ ਹਲਕਿਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਇੱਥੋਂ ਚੋਣ ਲੜਾਉਣ ਲਈ ਤਰਜੀਹ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਸਥਾਨਕ ਆਗੂਆਂ ਅਤੇ ਵਰਕਰਾਂ ਵਿੱਚ ਨਾਰਾਜ਼ਗੀ ਪੈਦਾ ਹੋਣੀ ਸੁਭਾਵਿਕ ਹੈ।ਪਰਮਜੀਤ ਸਿੰਘ ਕਾਕਾ ਨੇ ਚਿਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ ਕਿ ਜੇਕਰ ਪਾਰਟੀ ਹਾਈਕਮਾਂਡ ਨੇ ਆਗੂਆਂ ਦੀਆਂ ਭਾਵਨਾਵਾਂ ਨੂੰ ਅਣਡਿੱਠ ਕੀਤਾ ਤਾਂ ਨਿਹਾਲ ਸਿੰਘ ਵਾਲਾ ਦੇ ਕੁਝ ਅਕਾਲੀ ਆਗੂ ਪਾਰਟੀ ਤੋਂ ਬਾਗੀ ਹੋ ਕੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਫ਼ੈਸਲਾ ਵੀ ਕਰ ਸਕਦੇ ਹਨ।

## ਪੋਸ਼ਣ ਟਰੈਕ ਦੇ ਨਾਂਅ 'ਤੇ ਬੱਚਿਆਂ ਦੇ ਅਧਿਕਾਰਾਂ 'ਤੇ ਹਮਲਾ : ਊਸ਼ਾ ਰਾਣੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਦੇ ਕੌਮੀ ਜਨਰਲ ਸਕੱਤਰ ਊਸ਼ਾ ਰਾਣੀ ਨੇ ਕਿਹਾ ਕਿ ਪੰਜਾਬ ਦੇ ਆਂਗਣਵਾੜੀ ਕੇਂਦਰਾਂ 'ਚ 3 ਤੋਂ 6 ਸਾਲ ਤੱਕ ਦੇ ਬੱਚਿਆਂ ਨੂੰ ਤਾਜ਼ਾ ਪਕਾਇਆ ਹੋਇਆ ਗਰਮ ਭੋਜਨ ਮੁਹੱਈਆ ਕਰਾਇਆ ਜਾਂਦਾ ਹੈ, ਜੋ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ, ਕੁਪੋਸ਼ਣ ਦੀ ਰੋਕਥਾਮ ਤੇ ਉਨ੍ਹਾਂ ਦੀ ਸਿਹਤ ਦੀ ਸੰਭਾਲ ਲਈ ਬਹੁਤ ਮਹੱਤਵਪੂਰਨ ਹੈ, ਪਰ ਪੰਜਾਬ ਵਿੱਚ ਪੋਸ਼ਣ ਟਰੈਕ ਦੇ ਨਾਂਅ 'ਤੇ ਬੱਚਿਆਂ ਨੂੰ ਇਸ ਅਹਿਮ ਸਹੂਲਤ ਤੋਂ ਵਾਂਝੇ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜੋ ਆਈਸੀਡੀਐੱਸ ਸਕੀਮ ਦੇ ਮੂਲ ਉਦੇਸ਼ਾਂ 'ਤੇ ਗੰਭੀਰ ਸਵਾਲ ਖੜੇ ਕਰਦਾ ਹੈ।

ਮੁਲਾਜ਼ਮ ਆਗੂ ਊਸ਼ਾ ਰਾਣੀ ਨੇ ਕਿਹਾ ਹੈ ਕਿ ਪੋਸ਼ਣ ਟਰੈਕ 'ਤੇ 25 ਦਿਨ ਦੀ ਹਾਜ਼ਰੀ ਪੂਰੀ ਨਾ ਹੋਣ ਦੀ ਸ਼ਰਤ ਲਾ ਕੇ ਆਂਗਣਵਾੜੀ ਕੇਂਦਰਾਂ ਦਾ ਐਚਸੀਐਮ ਜਾਰੀ ਨਹੀਂ ਕੀਤਾ ਗਿਆ।ਉਨ੍ਹਾਂ ਨੂੰ ਗ਼ਰਮ ਪੱਕਿਆ ਭੋਜਨ ਦੇਣ ਤੋਂ ਵਾਂਝੇ ਕੀਤਾ ਜਾ ਰਿਹਾ ਹੈ।ਪੰਜਾਬ ਵਿੱਚ ਇਸ ਸ਼ਰਤ ਕਾਰਨ ਲਗਭਗ 80 ਫ਼ੀਸਦੀ ਬੱਚੇ ਇਸ ਲਾਭ ਤੋਂ ਵਾਂਝੇ ਹੋ ਰਹੇ ਹਨ।ਇਹ ਸਥਿਤੀ ਬੇਹੱਦ ਚਿੰਤਾਜਨਕ ਹੈ, ਕਿਉਂਕਿ ਜਿਹੜੀ ਸਕੀਮ ਬੱਚਿਆਂ ਨੂੰ ਕੁਪੋਸ਼ਣ ਤੋਂ ਬਚਾਉਣ ਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਬਣਾਈ ਗਈ ਹੈ, ਉਸੇ ਸਕੀਮ ਉੱਤੇ ਬੇਲੋੜੀਆਂ ਸ਼ਰਤਾਂ ਥੋਪ ਕੇ ਉਨ੍ਹਾਂ ਨੂੰ ਪੌਸ਼ਟਿਕ ਭੋਜਨ ਤੋਂ ਦੂਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਦਾ ਮੰਨਣਾ ਹੈ ਕਿ ਬੱਚਿਆਂ ਨੂੰ ਪੋਸ਼ਣ ਦੇਣ ਦਾ ਮਕਸਦ ਸਿਰਫ਼ ਪੋਸ਼ਣ ਟਰੈਕ 'ਤੇ ਅੰਕੜੇ ਪੂਰੇ ਕਰਨਾ ਨਹੀਂ, ਸਗੋਂ ਹਰ ਬੱਚੇ ਦੀ ਸਿਹਤ ਤੇ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਡਿਜੀਟਲਾਈਜੇਸ਼ਨ ਦੇ ਨਾਂਅ 'ਤੇ ਭੋਜਨ ਦੇ ਅਧਿਕਾਰ ਤੋਂ ਵਾਂਝਾ ਕਰਨਾ ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਤੇ ਸਬੰਧਤ ਵਿਭਾਗ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਤੇ ਹੇਠ 25 ਦਿਨਾਂ ਦੀ ਪੋਸ਼ਣ ਟਰੈਕ ਹਾਜ਼ਰੀ ਦੀ ਸ਼ਰਤ ਕਾਰਨ ਬੱਚਿਆਂ ਨੂੰ ਗਰਮ ਪੱਕੇ ਭੋਜਨ ਤੋਂ ਵਾਂਝੇ ਕਰਨ ਦੀ ਨੀਤੀ ਤੁਰੰਤ ਬੰਦ ਕੀਤੀ ਜਾਵੇ।

## ਗੋਪਾਲਪੁਰ 'ਚ ਕੁਸ਼ਤੀ ਮੁਕਾਬਲੇ ਕਰਾਏ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਗੋਪਾਲਪੁਰ ਵਿਖੇ ਗ੍ਰਾਮ ਪੰਚਾਇਤ, ਸਮੂਹ ਪਿੰਡ ਵਾਸੀਆਂ ਤੇ ਐਨ.ਆਰ.ਆਈ. ਭਰਾਵਾਂ ਦੇ ਸਹਿਯੋਗ ਨਾਲ ਕਰਾਏ ਗਏ ਵਿਸ਼ਾਲ ਕੁਸ਼ਤੀ ਦੰਗਲ 'ਚ ਸ਼ਮੂਲੀਅਤ ਕੀਤੀ।ਯੂਕੇ ਨੇ ਕਿਹਾ ਕਿ ਨੌਜਵਾਨਾਂ ਨੂੰ ਸਰਕਾਰ ਨਸ਼ਿਆਂ ਦੀ ਦਲਦਲ 'ਚੋਂ ਕੱਢਣ ਲਈ ਉਨ੍ਹਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰ ਰਹੀ ਹੈ। ਇਸ ਖੇਡ ਮੇਲੇ 'ਚ ਦੂਰ-ਦੂਰ ਤੋਂ ਨਾਮੀ ਪਹਿਲਵਾਨਾਂ ਨੇ ਆ ਕੇ ਆਪਣੇ ਜੌਹਰ ਦਿਖਾਏ ਤੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ।ਉਨ੍ਹਾਂ ਕਿਹਾ ਕਿ ਅਜਿਹੇ ਖੇਡ ਟੂਰਨਾਮੈਂਟ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ ਹਨ ਤੇ ਪੰਜਾਬ ਦੀ ਵਿਰਾਸਤੀ ਖੇਡ ਕੁਸ਼ਤੀ ਨੂੰ ਪ੍ਰਫੁੱਲਿਤ ਕਰਦੇ ਹਨ।ਯੂਕੇ ਨੇ ਨੇ ਕਿਹਾ ਕਿ ਇਸ ਸ਼ਾਨਦਾਰ ਉਪਰਾਲੇ ਲਈ ਗ੍ਰਾਮ ਪੰਚਾਇਤ, ਪਿੰਡ ਵਾਸੀਆਂ ਤੇ ਸਮੂਹ ਐਨ.ਆਰ.ਆਈ. ਵਧਾਈ ਦੇ ਪਾਤਰ ਹਨ। ਦਲਬੀਰ ਯੂ ਕੇ ਨੇ ਖਿਡਾਰੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਪੂਰੀ ਮਿਹਨਤ ਤੇ ਲਗਨ ਨਾਲ ਖੇਡਾਂ ਵਿੱਚ ਭਾਗ ਲੈਣ ਅਤੇ ਆਪਣੇ ਮਾਪਿਆਂ, ਕੋਚਾਂ ਤੇ ਸੂਬੇ ਦਾ ਨਾਂਅ ਰੌਸ਼ਨ ਕਰਨ।ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜਨ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਸੱਦਾ ਵੀ ਦਿੱਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਤ ਕਰਨ ਤੇ ਖਿਡਾਰੀਆਂ ਨੂੰ ਬਿਹਤਰ ਖੇਡ ਸਹੂਲਤਾਂ ਮੁਹੱਈਆ ਕਰਾਉਣ ਲਈ ਕੀਤੇ ਜਾ ਰਹੇ ਯਤਨ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।

## ਡੋਹਕ 'ਚ ਮਜ਼ਦੂਰਾਂ ਦੀ ਨੁੱਕੜ ਮੀਟਿੰਗ ਆਯੋਜਿਤ



**ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਦਿਹਾਤੀ ਮਜ਼ਦੂਰ ਸਭਾ ਦੀ ਪਿੰਡ ਇਕਾਈ ਡੋਹਕ ਵੱਲੋਂ ਨਰੇਗਾ ਮਜ਼ਦੂਰਾਂ ਦਾ ਕੰਮ ਚਲਾਉਣ ਲਈ ਪਿੰਡ 'ਚ ਵਿਸ਼ਾਲ ਨੁੱਕੜ ਮੀਟਿੰਗ ਕੀਤੀ, ਜਿਸ ਦੀ ਪ੍ਰਧਾਨਗੀ ਗੁਰਤੇਜ ਸਿੰਘ ਤੇਜੀ ਨੇ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਜਗਜੀਤ ਸਿੰਘ ਜਸਿਆਣਾ ਨੇ ਵਿਸਥਾਰ ਨਾਲ ਗੱਲਬਾਤ ਕੀਤੀ। ਪਿੰਡ ਦੇ ਨਰੇਗਾ ਮਜ਼ਦੂਰਾਂ ਨੇ ਦੱਸਿਆ ਕਿ ਬੀਡੀਪੀਓ ਦਫਤਰ ਵੱਲੋਂ ਥੋੜ੍ਹੇ ਹੀ ਨਰੇਗਾ ਮਜ਼ਦੂਰਾਂ ਨੂੰ ਕੰਮ 'ਤੇ ਲਾਇਆ ਜਾਂਦਾ, ਬਾਕੀ ਮਜ਼ਦੂਰ ਘਰੇ ਕੰਮ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਪਿੰਡ ਦੇ ਸਮੁੱਚੇ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਸਾਰੇ ਮਜ਼ਦੂਰਾਂ ਦਾ ਮਸਟੋਲ ਕੱਢਿਆ।

## ਪ੍ਰਤਾਪ ਸਿੰਘ ਬਾਜਵਾ ਅੱਜ ਧਰਨੇ 'ਚ ਹੋਣਗੇ ਸ਼ਾਮਲ

### ਝੋਟਾ ਪਰਿਵਾਰ ਨੂੰ ਇਨਸਾਫ਼ ਮਿਲਣ ਤੱਕ ਕਾਂਗਰਸ ਚੱਟਾਨ ਵਾਂਗ ਨਾਲ ਖੜ੍ਹੇਗੀ : ਕੁਲਵੰਤ ਰਾਏ ਸਿੰਗਲਾ



**ਮਾਨਸਾ (ਆਤਮਾ ਸਿੰਘ ਪਮਾਰ)**-ਨਸ਼ਿਆਂ ਵਿਰੁੱਧ ਮੁਹਿੰਮ ਚਲਾਉਣ ਵਾਲੇ ਆਗੂ ਪਰਵਿੰਦਰ ਸਿੰਘ ਝੋਟਾ ਦੇ ਕਤਲ ਨੂੰ ਲੈ ਕੇ ਇਨਸਾਫ਼ ਦੀ ਮੰਗ ਕਰਦਿਆਂ ਪਿਛਲੇ ਕਈ ਦਿਨਾਂ ਤੋਂ ਚੱਲ ਰਹੇ ਧਰਨੇ 'ਚ 21 ਅਕਤੂਬਰ ਨੂੰ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਸ਼ਮੂਲੀਅਤ ਕਰਨਗੇ।ਉਹ ਦੁਪਹਿਰ 12 ਵਜੇ ਮਾਨਸਾ ਪਹੁੰਚ ਕੇ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਉਨ੍ਹਾਂ ਦੀ ਇਨਸਾਫ਼ ਦੀ ਲੜਾਈ ਪ੍ਰਤੀ ਇਕਜੁੱਟਤਾ ਦਾ ਪ੍ਰਗਟਾਵਾ ਕਰਨਗੇ।ਉਨ੍ਹਾਂ ਦੇ ਨਾਲ ਸਾਬਕਾ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਮੌਜੂਦ ਰਹਿਣਗੇ।ਕਾਂਗਰਸੀ ਆਗੂਆਂ ਦੀ ਇਸ ਸ਼ਮੂਲੀਅਤ ਨੂੰ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਵੱਲੋਂ ਇਨਸਾਫ਼ ਲਈ ਵਿੱਢੇ ਸੰਘਰਸ਼ ਨੂੰ ਸਮਰਥਨ ਦੇਣ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ।ਇ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਨੇ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਦਾ ਕਤਲ ਬੇਹੱਦ ਦੁਖਦਾਈ ਘਟਨਾ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਨੌਜਵਾਨ ਦੇ ਕਤਲ ਤੋਂ ਬਾਅਦ ਪਰਿਵਾਰ ਨੂੰ ਇਨਸਾਫ਼ ਦਿਵਾਉਣਾ ਸਰਕਾਰ ਅਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਦੋਂ ਤੱਕ ਪੀੜਤ ਪਰਿਵਾਰ ਨੂੰ ਇਨਸਾਫ਼ ਨਹੀਂ ਮਿਲਦਾ, ਉਦੋਂ ਤੱਕ ਕਾਂਗਰਸ ਪਾਰਟੀ ਉਨ੍ਹਾਂ ਦੇ ਨਾਲ ਮਜ਼ਬੂਤੀ ਨਾਲ ਖੜੀ ਰਹੇਗੀ।

# 4-5 ਘੰਟੇ ਨਿਸ਼ਾਨ ਸਾਹਿਬ 'ਤੇ ਫਸੇ ਰਹੇ ਸੇਵਾਦਾਰ ਬਲਵੰਤ ਸਿੰਘ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**-ਜ਼ਿਲ੍ਹਾ ਕਪੂਰਥਲਾ ਦੇ ਹਲਕਾ ਸੁਲਤਾਨਪੁਰ ਲੋਧੀ ਅਧੀਨ ਪੈਂਦੇ ਪਿੰਡ ਤਲਵੰਡੀ ਚੌਧਰੀਆਂ ਦੇ ਇਤਿਹਾਸਕ ਗੁਰਦੁਆਰਾ ਖੂਹ ਸਾਹਿਬ ਵਿਖੇ ਉਸ ਸਮੇਂ ਸਥਿਤੀ ਚਿੰਤਾਜਨਕ ਬਣ ਗਈ, ਜਦੋਂ ਨਿਸ਼ਾਨ ਸਾਹਿਬ ਦੀ ਸੇਵਾ ਕਰਨ ਲਈ ਉੱਪਰ ਚੜ੍ਹੇ ਸੇਵਾਦਾਰ ਬਲਵੰਤ ਸਿੰਘ ਕੁੰਡੀ ਅਟਕ ਜਾਣ ਕਾਰਨ ਕਈ ਘੰਟਿਆਂ ਤੱਕ ਉੱਪਰ ਹੀ ਫਸੇ ਰਹੇ। ਹਾਲਾਂਕਿ, ਲਗਾਤਾਰ ਕੀਤੇ ਗਏ ਯਤਨਾਂ ਤੋਂ ਬਾਅਦ ਉਨ੍ਹਾਂ ਨੂੰ ਸੁਰੱਖਿਅਤ ਹੇਠਾਂ ਉਤਾਰ ਲਿਆ ਗਿਆ। ਇਸ ਘਟਨਾ ਤੋਂ ਬਾਅਦ ਬਲਵੰਤ ਸਿੰਘ ਨੇ ਆਪਣਾ ਤਜਰਬਾ ਸਾਂਝਾ ਕਰਦਿਆਂ ਦੱਸਿਆ ਕਿ ਉਹ ਚਾਰ ਤੋਂ ਪੰਜ ਘੰਟੇ ਲਗਾਤਾਰ ਵਾਹਿਗੁਰੂ ਦਾ ਜਾਪ ਕਰਦੇ ਰਹੇ ਅਤੇ ਉਨ੍ਹਾਂ ਨੂੰ ਪੂਰਾ ਭਰੋਸਾ ਸੀ ਕਿ ਉਹ ਸੁਰੱਖਿਅਤ ਹੇਠਾਂ ਉਤਰ ਆਉਣਗੇ।

ਬਲਵੰਤ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਨਿਸ਼ਾਨ ਸਾਹਿਬ ਦਾ ਚੋਲਾ ਖੁੱਲ੍ਹਿਆ ਹੋਇਆ ਸੀ, ਜਿਸ ਨੂੰ ਬੰਨ੍ਹਣ ਅਤੇ ਸੇਵਾ ਕਰਨ ਦੇ ਮਕਸਦ ਨਾਲ ਉਹ ਉੱਪਰ ਚੜ੍ਹੇ ਸਨ।ਇਸ ਦੌਰਾਨ ਅਚਾਨਕ ਕੁੰਡੀ ਅਟਕ ਜਾਣ ਕਾਰਨ ਉਹ ਉੱਪਰ ਹੀ ਫਸ ਗਏ ਅਤੇ ਹੇਠਾਂ ਉਤਰਨਾ ਸੰਭਵ ਨਹੀਂ ਰਿਹਾ। ਦੇਖਦੇ ਹੀ ਦੇਖਦੇ ਇਹ ਘਟਨਾ ਚਿੰਤਾ ਦਾ ਵਿਸ਼ਾ ਬਣ ਗਈ ਅਤੇ ਉਨ੍ਹਾਂ ਨੂੰ ਸੁਰੱਖਿਅਤ ਹੇਠਾਂ ਉਤਾਰਨ ਲਈ ਯਤਨ ਸ਼ੁਰੂ ਕਰ ਦਿੱਤੇ ਗਏ।ਆਪਣੇ ਤਜਰਬੇ ਬਾਰੇ ਦੱਸਦਿਆਂ ਬਲਵੰਤ ਸਿੰਘ ਨੇ ਕਿਹਾ ਕਿ ਉੱਪਰ ਫਸੇ ਰਹਿਣ ਦੌਰਾਨ ਉਨ੍ਹਾਂ ਨੂੰ ਬਿਲਕੁਲ ਵੀ ਡਰ ਮਹਿਸੂਸ ਨਹੀਂ ਹੋਇਆ।ਉਨ੍ਹਾਂ ਮੁਤਾਬਕ ਉਹ ਗੁਰੂ ਮਹਾਰਾਜ ਦੀ ਸੇਵਾ ਕਰਨ ਲਈ ਉੱਪਰ ਗਏ ਸਨ ਅਤੇ ਉਨ੍ਹਾਂ ਨੂੰ ਵਾਹਿਗੁਰੂ 'ਤੇ ਪੂਰਾ ਭਰੋਸਾ ਸੀ। ਇਸੇ ਭਰੋਸੇ ਨਾਲ ਉਹ ਲਗਾਤਾਰ ਚਾਰ ਤੋਂ ਪੰਜ ਘੰਟੇ ਵਾਹਿਗੁਰੂ ਦਾ ਨਾਮ ਜਪਦੇ ਰਹੇ।ਉਨ੍ਹਾਂ ਕਿਹਾ ਕਿ ਉੱਪਰ ਫਸੇ ਹੋਣ ਦੇ ਬਾਵਜੂਦ ਉਨ੍ਹਾਂ ਨੇ ਆਪਣਾ ਧਿਆਨ ਵਾਹਿਗੁਰੂ ਦੇ ਸਿਮਰਨ ਵਿੱਚ ਲਗਾਈ ਰੱਖਿਆ।ਉਨ੍ਹਾਂ ਨੂੰ ਯਕੀਨ ਸੀ ਕਿ ਗੁਰੂ ਮਹਾਰਾਜ ਦੀ ਕਿਰਪਾ ਨਾਲ ਉਹ ਸੁਰੱਖਿਅਤ ਹੇਠਾਂ ਉਤਰ ਆਉਣਗੇ। ਉਨ੍ਹਾਂ ਦੀ ਇਹ ਗੱਲ ਸਾਹਮਣੇ ਆਉਣ ਤੋਂ ਬਾਅਦ ਘਟਨਾ ਨਾਲ ਜੁੜਿਆ ਉਨ੍ਹਾਂ ਦਾ ਅਧਿਆਤਮਿਕ ਤਜਰਬਾ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।ਬਲਵੰਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਉੱਪਰ ਫਸੇ ਹੋਏ ਸਨ, ਉਸ ਸਮੇਂ ਹੇਠਾਂ ਮੌਜੂਦ ਸੰਗਤ ਵੀ ਵਾਹਿਗੁਰੂ ਦਾ ਨਾਮ ਜਪਦੀ ਰਹੀ। ਇੱਕ ਪਾਸੇ ਉਹ ਖੁਦ ਉੱਪਰ ਬੈਠ ਕੇ ਸਿਮਰਨ ਕਰ ਰਹੇ ਸਨ, ਜਦਕਿ ਦੂਜੇ ਪਾਸੇ ਸੰਗਤ ਉਨ੍ਹਾਂ ਦੀ ਸੁਰੱਖਿਆ ਲਈ ਅਰਦਾਸ ਅਤੇ ਨਾਮ ਜਾਪ ਕਰ ਰਹੀ ਸੀ। ਇਸ ਦੌਰਾਨ ਸਾਰਿਆਂ ਦੀ ਇਹੀ ਇੱਛਾ ਸੀ ਕਿ ਬਲਵੰਤ ਸਿੰਘ ਨੂੰ ਬਿਨਾਂ ਕਿਸੇ ਨੁਕਸਾਨ ਦੇ ਸੁਰੱਖਿਅਤ ਹੇਠਾਂ ਉਤਾਰਿਆ ਜਾਵੇ।ਸੁਰੱਖਿਅਤ ਹੇਠਾਂ ਉਤਾਰੇ ਜਾਣ ਤੋਂ ਬਾਅਦ ਬਲਵੰਤ ਸਿੰਘ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰਸ਼ਾਸਨ ਦਾ ਸਾਥ ਦੇਣ ਲਈ ਧੰਨਵਾਦ ਕੀਤਾ।ਉਨ੍ਹਾਂ ਨੇ ਬਚਾਅ ਕਾਰਜਾਂ ਦੌਰਾਨ ਸਹਿਯੋਗ ਕਰਨ ਵਾਲਿਆਂ ਦੀ ਸ਼ਲਾਘਾ ਵੀ ਕੀਤੀ।ਫਾਇਰ ਬ੍ਰਿਗੇਡ ਅਤੇ ਪ੍ਰਸ਼ਾਸਨਿਕ ਅਮਲੇ ਵੱਲੋਂ ਉਨ੍ਹਾਂ ਨੂੰ ਸੁਰੱਖਿਅਤ ਹੇਠਾਂ ਲਿਆਉਣ ਲਈ ਕੀਤੇ ਗਏ ਯਤਨ ਇਸ ਪੂਰੀ ਘਟਨਾ ਦੌਰਾਨ ਅਹਿਮ ਰਹੇ।

## ਸਨੌਰ ਹਲਕਾ ਬੁਨਿਆਦੀ ਸਹੂਲਤਾਂ ਤੋਂ ਵਾਂਝਾ : ਗੌਰਵ ਸੰਧੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ 'ਚ ਲੋਕਾਂ ਨਾਲ ਰਾਬਤਾ ਕਾਇਮ ਕਰਦੇ ਹੋਏ ਕਾਂਗਰਸ ਦੇ ਆਗੂ ਅਤੇ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਦੇ ਸੂਬਾ ਮੀਤ ਪ੍ਰਧਾਨਗੁਰਵਿੰਦਰ ਸਿੰਘ ਗੌਰਵ ਸੰਧੂ ਨੇ ਕਿਹਾ ਕਿ ਪੰਜਾਬ ਦੀ ਸਿਆਸਤ 'ਚ ਸਮੇਂ-ਸਮੇਂ 'ਤੇ ਬਦਲਾਅ ਆਏ, ਸਰਕਾਰਾਂ ਬਦਲੀਆਂ, ਸੱਤਾ ਦੇ ਚਿਹਰੇ ਬਦਲੇ ਅਤੇ ਚੋਣਾਂ ਦੌਰਾਨ ਸਨੌਰ ਹਲਕੇ ਦੇ ਲੋਕਾਂ ਨਾਲ ਵਿਕਾਸ ਦੇ ਵੱਡੇ-ਵੱਡੇ ਵਾਅਦੇ ਵੀ ਕੀਤੇ ਗਏ, ਪਰ ਇਨ੍ਹਾਂ ਸਭ ਬਦਲਾਵਾਂ ਦੇ ਬਾਵਜੂਦ ਹਲਕੇ ਦੇ ਕਈ ਇਲਾਕਿਆਂ 'ਚ ਲੋਕ ਅੱਜ ਵੀ ਉਨ੍ਹਾਂ ਹੀ ਬੁਨਿਆਦੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ, ਜਿਨ੍ਹਾਂ ਦਾ ਹੱਲ ਸਾਲਾਂ ਤੋਂ ਨਹੀਂ ਹੋ ਰਿਹਾ। ਗੌਰਵ ਸੰਧੂ ਨੇ ਹਲਕਾ ਸਨੌਰ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਨਾਲ ਗੱਲਬਾਤ ਕੀਤੀ।ਉਨ੍ਹਾਂ ਦੱਸਿਆ ਕਿ ਲੋਕਾਂ ਅਨੁਸਾਰ ਚੋਣਾਂ ਸਮੇਂ ਵਿਕਾਸ ਦੇ ਮੁੱਦੇ ਕੇਂਦਰ 'ਚ ਰਹਿੰਦੇ ਹਨ, ਪਰ ਚੋਣਾਂ ਲੰਘਦਿਆਂ ਹੀ ਸਮੱਸਿਆਵਾਂ ਮੁੜ ਪਿੱਛੇ ਰਹਿ ਜਾਂਦੀਆਂ ਹਨ।ਸੜਕਾਂ, ਨਿਕਾਸੀ ਪ੍ਰਬੰਧ, ਸਫ਼ਾਈ, ਪੀਣ ਵਾਲਾ ਪਾਣੀ, ਸਿਹਤ ਸਹੂਲਤਾਂ, ਰੋਜ਼ਗਾਰ ਤੇ ਪਿੰਡਾਂ ਦੀਆਂ ਹੋਰ ਬੁਨਿਆਦੀ ਲੋੜਾਂ ਅੱਜ ਵੀ ਲੋਕਾਂ ਲਈ ਵੱਡੇ ਸਵਾਲ ਬਣੀਆਂ ਹੋਈਆਂ ਹਨ।

## ਖ਼ੂਨਦਾਨ ਕਰਕੇ ਮਨਾਇਆ ਦੁਸਹਿਰਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਨੁੱਖਤਾ ਦੇ ਭਲੇ ਤੇ ਲੋੜਵੰਦ ਮਰੀਜ਼ਾਂ ਲਈ ਦੁਸਹਿਰੇ ਦੇ ਤਿਉਹਾਰ ਮੌਕੇ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ 357ਵਾਂ ਰੈਗੂਲਰ ਖ਼ੂਨਦਾਨ ਕੈਂਪ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਖੇ ਲਾਇਆ ਗਿਆ, ਜਿਸ ਦਾ ਰਸਮੀ ਉਦਘਾਟਨ ਕਰਮਜੀਤ ਸਿੰਘ ਖੇੜਕੀ ਨੇ ਖੁਦ ਖ਼ੂਨਦਾਨ ਕਰਕੇ ਕੀਤਾ।ਕੈਂਪ 'ਚ ਤਰਸੇਮ ਸਿੰਘ ਦੀਵਾਨਵਾਲਾ ਅਤੇ ਗੁਰਤੇਜ ਸਿੰਘ ਭੱਟੀਆਂ ਨੇ 59ਵੀਂ ਵਾਰ, ਅਵਤਾਰ ਸਿੰਘ ਬਲਬੇੜਾ ਨੇ 37ਵੀਂ ਵਾਰ, ਮਨਵਿੰਦਰ ਸਿੰਘ ਮਨੀ ਰਾਮਗੜ੍ਹ ਨੇ 29ਵੀਂ ਵਾਰ, ਰਵੀ ਕੁਮਾਰ ਪੰਜਾਬ ਨੈਸ਼ਨਲ ਬੈਂਕ ਨੇ 19ਵੀਂ ਵਾਰ, ਜਸਬੀਰ ਕੁਮਾਰ ਡੀਲਵਾਲ ਤੇ ਜੋਗਾ ਸਿੰਘ ਸਨੌਰ ਥੀਏਟਰ ਆਰਟਿਸਟ ਨੇ ਵੀ ਖ਼ੂਨਦਾਨ ਕੀਤਾ।ਸਾਰੇ ਖ਼ੂਨਦਾਨੀਆਂ ਨੂੰ ਗਮਛਾ ਤੇ ਰੈਗੂਲਰ ਖ਼ੂਨਦਾਨੀਆਂ ਨੂੰ ਦੋਸਤ ਸੰਸਥਾ ਵੱਲੋਂ ਦਿੱਤੇ ਬੈਗ ਦੇ ਕੇ ਸਨਮਾਨਤ ਕੀਤਾ ਗਿਆ।ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਬਲੱਡ ਬੈਂਕ ਵਿਚ ਖ਼ੂਨ ਦੀ ਭਾਰੀ ਕਮੀ ਚੱਲ ਰਹੀ ਹੈ, ਇਸ ਲਈ ਸਮੂਹ ਤੰਦਰੁਸਤ ਨੌਜਵਾਨਾਂ ਨੂੰ ਬਲੱਡ ਬੈਂਕ ਪਹੁੰਚ ਕੇ ਖ਼ੂਨਦਾਨ ਕਰਨਾ ਚਾਹੀਦਾ ਹੈ ਤਾਂ ਜੁ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਈ ਜਾ ਸਕੇ। ਉਨ੍ਹਾਂ ਕਿਹਾ ਕਿ 19 ਸਾਲ ਦੀ ਉਮਰ ਤੋਂ ਲੈ ਕੇ 65 ਸਾਲ ਤੱਕ ਖ਼ੂਨਦਾਨ ਕੀਤਾ ਜਾ ਸਕਦਾ ਹੈ।

## ਸੰਯੁਕਤ ਕਿਸਾਨ ਮੋਰਚੇ ਦੀ ਹੋਈ ਅਹਿਮ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਸੰਯੁਕਤ ਕਿਸਾਨ ਮੋਰਚੇ ਦੀ ਇੱਕ ਅਹਿਮ ਮੀਟਿੰਗ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਰੂਪ ਸਿੰਘ ਢਿੱਲੋਂ, ਬੀ.ਕੇ.ਯੂ. ਮਾਲਵਾ ਦੇ ਆਗੂ ਤਰਸੇਮ ਸਿੰਘ ਹੀਰਕੇ ਤੇ ਬੀ.ਕੇ.ਯੂ. ਡਕੌਂਦਾ ਦੇ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਬੀਤੇ ਦਿਨੀਂ ਐੱਸ.ਕੇ.ਐੱਮ. ਤੇ ਐਕਸ਼ਨ ਕਮੇਟੀ ਵੱਲੋਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਸੌਂਪੇ ਗਏ 'ਲਾਹਨਤ ਪੱਤਰ' ਪ੍ਰੋਗਰਾਮ ਦੀ ਗੰਭੀਰਤਾ ਨਾਲ ਸਮੀਖਿਆ ਕੀਤੀ ਗਈ।ਇਸ ਦੇ ਨਾਲ ਹੀ 23 ਅਕਤੂਬਰ ਨੂੰ 'ਐੱਸ.ਆਈ.ਆਰ.' ਮਾਮਲੇ ਸਬੰਧੀ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਣ ਲਈ ਜਥੇਬੰਦਕ ਡਿਊਟੀਆਂ ਦੀ ਵੰਡ ਕੀਤੀ ਗਈ।ਮੀਟਿੰਗ 'ਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਮੰਗ ਪੱਤਰ ਸ਼ਾਂਤਮਈ ਤੇ ਅਨੁਸ਼ਾਸਨਬੱਧ ਤਰੀਕੇ ਨਾਲ ਪ੍ਰਸ਼ਾਸਨ ਤੱਕ ਪਹੁੰਚਾਇਆ ਜਾਵੇਗਾ, ਤਾਂ ਜੋ ਪਰਵਿੰਦਰ ਸਿੰਘ ਝੋਟੇ ਨੂੰ ਇਨਸਾਫ਼ ਦਿਵਾਉਣ ਲਈ ਚੱਲ ਰਹੇ ਮੋਰਚੇ ਦੀ ਸ਼ਾਂਤਮਈ ਮਰਿਆਦਾ ਬਰਕਰਾਰ ਰਹਿ ਸਕੇ। ?ਪਰਵਿੰਦਰ ਸਿੰਘ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਦੀ ਮੰਗ ਨੂੰ ਲੈ ਕੇ ਤਿਕੋਨੀ ਮਾਨਸਾ ਵਿਖੇ ਚੱਲ ਰਹੇ ਅਣਮਿੱਥੇ ਸਮੇਂ ਦੇ ਧਰਨੇ ਨੂੰ ਨਿਰੰਤਰ ਤੇ ਮਜ਼ਬੂਤੀ ਨਾਲ ਜਾਰੀ ਰੱਖਣ ਲਈ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਸਾਰੀਆਂ ਜਥੇਬੰਦੀਆਂ ਨੇ ਅਗਲੀ ਸਾਂਝੀ ਰਣਨੀਤੀ ਵੀ ਤੈਅ ਕੀਤੀ।ਇਸ ਮੀਟਿੰਗ 'ਚ ਮੋਰਚੇ ਦੇ ਮੁੱਖ ਆਗੂ ਕੁਲਦੀਪ ਸਿੰਘ ਕਾਦੀਆਂ, ਗੁਰਜੰਟ ਸਿੰਘ ਮਾਨਸਾ, ਗੁਰਮੀਤ ਸਿੰਘ ਧਾਲੀਵਾਲ, ਬੋਘ ਸਿੰਘ ਮਾਨਸਾ, ਨਰਿੰਦਰ ਕੌਰ ਬੁਰਜ ਹਮੀਰਾ, ਦਿਲਬਾਗ ਸਿੰਘ ਰਾਜੇਵਾਲ, ਮਹਿੰਦਰ ਸਿੰਘ ਭੈਣੀਬਾਘਾ, ਅਮਰੀਕ ਸਿੰਘ ਫਫੜੇ ਭਾਈ ਕੇ ਤੇ ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਸਫਾ 1 ਦੇ ਬਾਕੀ...

### ਬਾਕੀ ਦੋ ਮਾਮਲੇ ...



ਅਮਿਤ ਸ਼ਾਹ ਗੁਲਜ਼ਾਰ ਸਿੰਘ ਦੇ ਪਰਵਾਰ ਨੂੰ ਮਿਲਦੇ ਹੋਏ।

ਜਾਵੇਗੀ ਅਤੇ ਇਸ ਨੂੰ 120 ਦਿਨਾਂ ਦੇ ਅੰਦਰ ਮੁਕੰਮਲ ਕਰ ਲਿਆ ਜਾਵੇਗਾ।

ਝੋਟਾ ਦੇ ਪਿਤਾ ਭੀਮ ਸਿੰਘ ਨੇ ਕਿਹਾ ਕਿ ਉਨ੍ਹਾ ਨੂੰ ਇਨਸਾਫ ਮਿਲਣ ਦੀ ਪੂਰੀ ਉਮੀਦ ਹੈ ਅਤੇ ਉਨ੍ਹਾ ਸਾਰਿਆਂ ਨੂੰ 24 ਘੰਟੇ ਉਡੀਕ ਕਰਨ ਲਈ ਕਿਹਾ। ਪਰਵਾਰ ਨੇ ਮੀਡੀਆ ਨਾਲ ਬਹੁਤੀ ਵਿਸਥਾਰਤ ਗੱਲਬਾਤ ਕਰਨ ਤੋਂ ਪਰਹੇਜ਼ ਕੀਤਾ ਅਤੇ ਕਿਹਾ ਕਿ ਉਹ ਆਉਣ ਵਾਲੇ ਘਟਨਾਕ੍ਰਮ 'ਤੇ ਨਜ਼ਰ ਰੱਖ ਰਹੇ ਹਨ।

ਸ਼ਾਹ ਨੇ ਪਿੰਡ ਤੂਰ 'ਚ ਗੁਲਜ਼ਾਰ ਸਿੰਘ ਦੇ ਪਰਵਾਰ ਨਾਲ ਮੁਲਾਕਾਤ ਕੀਤੀ ਤੇ ਹਰ ਸੰਭਵ ਮਦਦ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ।ਪਰਵਾਰ ਨੇ ਗੁਲਜ਼ਾਰ ਸਿੰਘ ਦੀ ਮੌਤ ਨਾਲ ਜੁੜੇ ਸਾਰੇ ਹਾਲਾਤ ਦੀ ਡੂੰਘਾਈ ਨਾਲ ਜਾਂਚ ਕਰਵਾਉਣ ਅਤੇ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਇਸ ਮਾਮਲੇ ਦੀ ਜਾਂਚ ਪੰਜਾਬ ਸਰਕਾਰ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ ਕਰ ਰਹੀ ਹੈ।ਇਸ ਤੋਂ ਪਹਿਲਾਂ ਗ੍ਰਹਿ ਮੰਤਰੀ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਮਾੜੀ ਪੰਨੂਆਂ ਪਹੁੰਚ ਕੇ ਬਿਕਰਮਜੀਤ ਸਿੰਘ ਦੇ ਪਰਵਾਰ ਨਾਲ ਮੁਲਾਕਾਤ ਕੀਤੀ।

ਬਜਾਏ ਲਗਾਤਾਰ ਫੈਲ ਰਿਹਾ ਹੈ। ਸ਼ਾਹ ਨੇ ਮਾਨਸਾ 'ਚ ਪਰਵਿੰਦਰ ਸਿੰਘ ਝੋਟਾ ਦੇ ਪਰਵਾਰ ਨਾਲ ਮੁਲਾਕਾਤ ਦੌਰਾਨ ਇਨਸਾਫ ਦਾ ਭਰੋਸਾ ਦਿੰਦਿਆਂ ਕਿਹਾ ਕਿ ਸੀ ਬੀ ਆਈ ਦੇ ਅਧਿਕਾਰੀ ਭਲਕੇ ਹੀ ਝੋਟਾ ਦੇ ਪਿਤਾ ਭੀਮ ਸਿੰਘ ਅਤੇ ਪਰਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਲਈ ਉਨ੍ਹਾਂ ਦੇ ਘਰ ਪਹੁੰਚ ਜਾਣਗੇ। ਸ਼ਾਹ 3:26 ਵਜੇ ਸੂਬਾ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਬੁਲੇਟਪਰੂਫ ਗੱਡੀ ਵਿੱਚ ਪਹੁੰਚੇ ਅਤੇ 3:46 ਵਜੇ ਪਰਤ ਗਏ। ਗੱਲਬਾਤ ਦੌਰਾਨ ਸੂਬਾ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੀ ਮੌਜੂਦ ਸਨ। ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਦੱਸਿਆ ਕਿ ਸ਼ਾਹ ਨੇ ਝੋਟਾ ਦੇ ਪਰਵਾਰ ਨੂੰ ਭਰੋਸਾ ਦਿਵਾਇਆ ਕਿ ਕਤਲ ਕਾਂਡ ਦੀ ਸੀ ਬੀ ਆਈ ਜਾਂਚ ਬੁੱਧਵਾਰ ਦੁਪਹਿਰ ਤੱਕ ਸ਼ੁਰੂ ਹੋ

### ਅਲਬਰਟਾ ਦੇ ਵੋਟਰਾਂ ...

ਸਰਕਾਰ ਵੱਲੋਂ ਉਸ ਦੀ ਪ੍ਰਵਾਹ ਨਾ ਕਰਕੇ ਲੋਕ-ਮੱਤ ਪ੍ਰਕਿਰਿਆ ਜਾਰੀ ਰੱਖੀ ਗਈ।

ਕੁਝ ਮਹੀਨੇ ਪਹਿਲਾਂ ਕੁਝ ਸਰਵੇਖਣ ਏਜੰਸੀਆਂ ਨੇ ਲੋਕਾਂ ਨੂੰ ਇਹੀ ਸਵਾਲ ਪੁੱਛਿਆ ਸੀ ਤਾਂ ਉਦੋਂ ਵੀ 70 ਫੀਸਦੀ ਲੋਕਾਂ ਨੇ ਵੱਖਵਾਦ ਨੂੰ ਨਕਾਰਿਆ ਸੀ। ਲੋਕਾਂ ਦੀ ਨਬਜ਼ ਪਛਾਣਦੇ ਹੋਏ ਸੂਬੇ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਆਪਣਾ ਸਮਰਥਨ ਵਾਪਸ ਲੈ ਕੇ ਏਕਤਾ ਵਾਲਾ ਰਾਹ ਚੁਣ ਲਿਆ ਤੇ ਪਿਛਲੇ ਹਫ਼ਤੇ ਅਗੇਤੀਆਂ ਵੋਟਾਂ ਸ਼ੁਰੂ ਹੋਣ ਤੋਂ ਬਾਅਦ ਬਿਆਨ ਦਿੱਤਾ ਸੀ ਕਿ ਉਸ ਨੇ ਤਾਂ ਕੈਨੇਡਾ ਨਾਲ ਰਹਿਣ ਦੇ ਹੱਕ ਵਿੱਚ ਵੋਟ ਪਾਈ ਹੈ।

ਮਾਹਰਾਂ ਵੱਲੋਂ ਕਿਹਾ ਗਿਆ ਹੈ ਕਿ ਇਸ ਵੋਟਿੰਗ ਦੇ ਨਤੀਜਿਆਂ ਨੇ ਵੱਖਵਾਦ ਨੂੰ ਬਰੇਕ ਲਾ ਦਿੱਤੀ ਹੈ ਤੇ ਕਈ ਦਹਾਕਿਆਂ ਤੱਕ ਵੱਖਵਾਦ ਦੇ ਹੱਕ ਦਾ ਕਾਨੂੰਨੀ ਆਧਾਰ ਖ਼ਤਮ ਹੋ ਗਿਆ ਹੈ। ਇਹ ਨਤੀਜੇ ਸੂਬੇ ਵਿੱਚ ਸੱਤਾਧਾਰੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਨੂੰ ਵੀ ਦੋਫਾੜ ਕਰਨਗੇ, ਕਿਉਂਕਿ ਵੱਖਵਾਦ ਨੂੰ ਹਵਾ ਇਸੇ ਪਾਰਟੀ ਵਿਚਲੇ ਕੁਝ ਆਗੂਆਂ ਵੱਲੋਂ ਉਭਾਰ ਕੇ ਉਸ ਦੀ ਅਗਵਾਈ ਕੀਤੀ ਜਾਂਦੀ ਰਹੀ। ਉਨ੍ਹਾਂ ਦਾ ਕਹਿਣਾ ਹੈ ਕਿ ਅੱਗੇ ਤੋਂ ਫੈਡਰਲ ਸਰਕਾਰ ਨੂੰ ਸੂਬੇ ਦੀਆਂ ਮੰਗਾਂ ਵੱਲ ਵਿਸ਼ੇਸ਼ ਧਿਆਨ ਜ਼ਰੂਰ ਦੇਣਾ ਪਵੇਗਾ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਹੋਰ ਆਗੂਆਂ ਵੱਲੋਂ ਨਤੀਜੇ ਤੋਂ ਬਾਅਦ ਖ਼ੁਸ਼ੀ ਅਤੇ ਤਸੱਲੀ ਮਹਿਸੂਸ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਵੋਟਰਾਂ ਵੱਲੋਂ ਰਹਿੰਦੇ 9 ਸਵਾਲਾਂ ਦੇ ਨਤੀਜਿਆਂ 'ਤੇ ਗੌਰ ਕੀਤਾ ਜਾਂਦਾ ਰਹੇਗਾ।

### ਭਾਰਤ ਨੂੰ ਪੱਛਮੀ ...

ਹਾਲਤਾਂ ਨੂੰ ਬਦਲਣ ਲਈ ਸ਼ਾਸਨ ਤਬਦੀਲੀ ਦੀ ਵਰਤੋਂ ਕਰਦੀਆਂ ਹਨ ਤੇ ਘੱਟ ਹੀ ਲੋੜੀਂਦੇ ਨਤੀਜੇ ਪ੍ਰਾਪਤ ਕਰਦੀਆਂ ਹਨ। ਉਹ ਦਾਅਵਾ ਕਰਦੀਆਂ ਹਨ ਕਿ ਸ਼ਾਸਨ ਬਦਲਣ ਨਾਲ ਸਥਿਤੀ ਬਦਲ ਜਾਵੇਗੀ, ਪਰ ਅਸਲ ਵਿੱਚ ਅਜਿਹਾ ਕਦੇ ਨਹੀਂ ਹੋਇਆ।

ਉਨ੍ਹਾ ਕਿਹਾ ਕਿ ਜਦੋਂ ਕਿ ਕੁਝ ਵਿਸ਼ਵ ਸ਼ਕਤੀਆਂ ਚਾਹੁੰਦੀਆਂ ਹਨ ਕਿ ਭਾਰਤ ਵਿਕਾਸ ਕਰੇ, ਉਹ ਨਹੀਂ ਚਾਹੁੰਦੀਆਂ ਕਿ ਇਹ ਬਹੁਤ ਸ਼ਕਤੀਸ਼ਾਲੀ ਬਣ ਜਾਵੇ, ਕਿਉਂਕਿ ਇਹ ਉਨ੍ਹਾਂ ਦੇ ਦਬਦਬੇ ਨੂੰ ਚੁਣੌਤੀ ਦੇ ਸਕਦਾ ਹੈ। ਇਸ ਸਮਾਗਮ ਵਿੱਚ ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਅਤੇ ਉਨ੍ਹਾ ਦੀ ਪਤਨੀ ਡਾ. ਸੁਦੇਸ਼ ਧਨਖੜ, ਇਜ਼ਰਾਈਲ ਦੇ ਕੌਂਸਲ ਜਨਰਲ ਯਾਨਿਵ ਰੇਵਾਚ, ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਵੀ ਮੌਜੂਦ ਸਨ।

## ਗੁਲਜ਼ਾਰ ਪਟਿਆਲਵੀ, ਜੰਮੂ ਤੇ ਗਿੱਲ ਦਾ ਵਿਸ਼ੇਸ਼ ਸਨਮਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਵੱਲੋਂ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਸ੍ਰੀ ਗੁਲਜ਼ਾਰ ਪਟਿਆਲਵੀ ਨੂੰ ਸਿੱਖਿਆ ਵਿਭਾਗ ਪੰਜਾਬ ਦਾ ਜੁਆਇੰਟ ਸਕੱਤਰ, ਲਖਵਿੰਦਰ ਸਿੰਘ ਜੰਮੂ ਨੂੰ ਲੋਕ ਸਭਾ ਵਾਈਸ ਕੋਆਰਡੀਨੇਟਰ, ਸ਼੍ਰੀ ਮੁਖਤਿਆਰ ਸਿੰਘ ਗਿੱਲ ਨੂੰ ਨਿਯੁਕਤ ਕੀਤਾ ਗਿਆ ਹੈ।ਇਸ ਨਵੀਂ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਲੋਕ ਸਭਾ ਦਫ਼ਤਰ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਪੰਜਾਬ ਐਗਰੋ ਦੇ ਚੇਅਰਮੈਨ ਅਤੇ ਪਟਿਆਲਾ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਇਨ੍ਹਾਂ ਆਗੂਆਂ ਨੂੰ ਸਿਰੋਪਾਓ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਨਵ-ਨਿਯੁਕਤ ਅਹੁਦੇਦਾਰਾਂ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਨੇ ਉਮੀਦ ਪ੍ਰਗਟਾਈ ਕਿ ਉਹ ਆਮ ਆਦਮੀ ਪਾਰਟੀ ਦੀਆਂ ਲੋਕ-ਹਿੱਤ ਨੀਤੀਆਂ ਤੇ ਪੰਜਾਬ ਸਰਕਾਰ ਦੇ ਕੰਮਾਂ ਨੂੰ ਘਰ-ਘਰ ਤੱਕ ਪੁਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

## ਦੋਸ਼ੀਆਂ ਦੀ ਗ੍ਰਿਫਤਾਰੀ ਲਈ ਧਰਨਾ



**ਅਬੋਹਰ** : ਸੰਤ ਨਗਰ ਵਿਖੇ ਕੁਝ ਹਫਤੇ ਪਹਿਲਾਂ ਗੋਲੀਬਾਰੀ ਦਾ ਸ਼ਿਕਾਰ ਹੋਏ ਨੌਜਵਾਨ ਅਜੈ ਕੁਮਾਰ ਦੀ ਲੁਧਿਆਣਾ ਦੇ ਹਸਪਤਾਲ ਵਿੱਚ ਮੌਤ ਹੋਣ ਤੋਂ ਬਾਅਦ ਉਸ ਦੇ ਪਰਵਾਰਕ ਮੈਂਬਰਾਂ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਵਾਸੀਆਂ ਨੇ ਮੰਗਲਵਾਰ ਇੱਥੇ ਸਿਵਲ ਹਸਪਤਾਲ ਦੇ ਬਾਹਰ ਧਰਨਾ ਲਗਾ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਅਜੈ ਦੇ ਭਰਾ ਤੇ ਭਾਜਪਾ ਆਗੂ ਆਕਾਸ਼ਦੀਪ ਉਰਫ ਭਾਲੂ ਨੇ ਕਿਹਾ ਹੈ ਕਿ ਜਦੋਂ ਤੱਕ ਸਾਰੇ ਨਾਮਜ਼ਦ ਮੁਲਜ਼ਮਾਂ ਨੂੰ ਕਾਬੂ ਕਰਕੇ ਇਨਸਾਫ ਨਹੀਂ ਮਿਲਦਾ, ਉਹ ਅਜੈ ਦੀ ਲਾਸ਼ ਦਾ ਪੋਸਟਮਾਰਟਮ ਨਹੀਂ ਹੋਣ ਦੇਣਗੇ। ਅਬੋਹਰ ਦੇ ਵਿਧਾਇਕ ਸੰਦੀਪ ਜਾਖੜ ਵੀ ਧਰਨੇ ਵਿੱਚ ਸ਼ਾਮਲ ਹੋਏ। 27 ਸਤੰਬਰ ਨੂੰ ਸੰਤ ਨਗਰ ਸਥਿਤ ਭਗਵਾਨ ਵਾਲਮੀਕਿ ਮੰਦਰ ਵਿਖੇ ਸ਼ੈੱਡ ਦੀ ਉਸਾਰੀ ਬਾਰੇ ਰੱਖੀ ਗਈ ਮੀਟਿੰਗ ਵਿੱਚ ਹਿੱਸਾ ਲੈ ਕੇ ਬਾਹਰ ਆ ਰਹੇ ਅਜੈ ਕੁਮਾਰ 'ਤੇ ਪੈਦਲ ਆਏ ਹਮਲਾਵਰਾਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ। ਪੁਲਸ ਨੇ ਗੌਤਮ ਧਾਤੜਵਾਲ, ਸਾਗਰ ਨੇਪਾਲੀ, ਵਿਸ਼ਾਲ ਪਾਚਰ ਅਤੇ ਇੱਕ ਹੋਰ ਅਣਪਛਾਤੇਵਿਅਕਤੀ ਵਿਰੁੱਧ ਕੇਸ ਦਰਜ ਕੀਤਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੰਘ ਨੂੰ ਮੋਟੀ ਫੰਡਿੰਗ

ਡੱਚ ਮੀਡੀਆ ਵੈੱਬਸਾਈਟ ਬੇਲਿੰਗਕੈਟ, ਜੋ ਖੋਜੀ ਪੱਤਰਕਾਰੀ ਕਰਦੀ ਹੈ, ਨੇ ਖੁਲਾਸਾ ਕੀਤਾ ਹੈ ਕਿ ਅਮਰੀਕਾ ਵਿੱਚ ਦਾਨ ਫੰਡ, ਜਿਸ ਰਾਹੀਂ ਦਾਨੀ ਆਪਣੀ ਪਛਾਣ ਦਾ ਖੁਲਾਸਾ ਕੀਤੇ ਬਿਨਾਂ ਚੈਰੀਟੇਬਲ ਸੰਗਠਨਾਂ ਨੂੰ ਪੈਸੇ ਦੇ ਸਕਦੇ ਹਨ, ਆਰ ਐੱਸ ਐੱਸ ਦੇ ਸੰਗਠਨਾਂ ਨੂੰ ਲੱਖਾਂ ਡਾਲਰ ਭੇਜਣ ਦਾ ਸਾਧਨ ਬਣ ਗਏ ਹਨ। ਅਮਰੀਕਾ ਵਿੱਚ ਰਜਿਸਟਰਡ ਦੋ ਐੱਨ ਜੀ ਓਜ਼ ਨੂੰ 2020 ਅਤੇ 2024 ਦੇ ਵਿਚਕਾਰ ਅਜਿਹੇ ਫੰਡਾਂ ਤੋਂ ਘੱਟੋ-ਘੱਟ ਕਰੀਬ 230 ਕਰੋੜ ਰੁਪਏ ਪ੍ਰਾਪਤ ਹੋਏ। ਇਹ ਐੱਨ ਜੀ ਓਜ਼ ਹਨ ਏਕਲ ਵਿਦਿਆਲਿਆ ਫਾਊਂਡੇਸ਼ਨ ਆਫ ਯੂ ਐੱਸ ਏ ਇੰਕ. (ਏਕਲ ਯੂ ਐੱਸ ਏ) ਅਤੇ ਸੇਵਾ ਇੰਟਰਨੈਸ਼ਨਲ ਇੰਕ. (ਸੇਵਾ ਯੂ ਐੱਸ ਏ)। ਬੇਲਿੰਗਕੈਟ ਨੇ ਇਹ ਰਿਪੋਰਟ ਫਾਰਮ 990, ਯੂ ਐੱਸ ਗੈਰ-ਮੁਨਾਫ਼ਾ ਸੰਗਠਨਾਂ ਲਈ ਲਾਜ਼ਮੀ ਟੈਕਸ ਫਾਈਲਿੰਗ ਦੇ ਨਾਲ-ਨਾਲ ਸੰਗਠਨਾਂ ਦੀਆਂ ਵੈੱਬਸਾਈਟਾਂ, ਪ੍ਰਕਾਸ਼ਨਾਂ ਅਤੇ ਉਨ੍ਹਾਂ ਦੇ ਅਧਿਕਾਰੀਆਂ ਦੇ ਬਿਆਨਾਂ ਦਾ ਅਧਿਐਨ ਕਰਨ ਤੋਂ ਬਾਅਦ ਤਿਆਰ ਕੀਤੀ ਹੈ।

ਰਿਪੋਰਟ ਮੁਤਾਬਕ ਦੋਵਾਂ ਸੰਗਠਨਾਂ ਨੇ 2020 ਅਤੇ 2024 ਦੇ ਵਿਚਕਾਰ 1178 ਲੱਖ ਡਾਲਰ ਦੇ ਯੋਗਦਾਨ ਅਤੇ ਗ੍ਰਾਂਟ ਪ੍ਰਾਪਤ ਕਰਨ ਦੀ ਰਿਪੋਰਟ ਦਿੱਤੀ। ਇਸ ਰਕਮ ਵਿੱਚੋਂ ਘੱਟੋ-ਘੱਟ 244 ਲੱਖ ਡਾਲਰ ਡੋਨਰ-ਐਡਵਾਈਜ਼ਡ ਫੰਡ (ਦਾਨੀ-ਸਲਾਹਕਾਰ ਫੰਡ-ਡੀ ਏ ਐੱਫ) ਚਲਾਉਣ ਵਾਲੀਆਂ 34 ਸੰਸਥਾਵਾਂ ਤੋਂ ਆਏ ਸਨ। ਡੀ ਏ ਐੱਫ ਅਮਰੀਕਾ ਵਿੱਚ ਇੱਕ ਚੈਰੀਟੇਬਲ ਦਾਨ ਪ੍ਰਣਾਲੀ ਹੈ। ਵਿਅਕਤੀ ਫੰਡ ਵਿੱਚ ਪੈਸੇ ਦਾਨ ਕਰਦੇ ਹਨ ਅਤੇ ਟੈਕਸ ਲਾਭ ਪ੍ਰਾਪਤ ਕਰਦੇ ਹਨ। ਫਿਰ ਉਹ ਸਿਫ਼ਾਰਸ਼ ਕਰ ਸਕਦੇ ਹਨ ਕਿ ਪੈਸਾ ਕਿਸ ਚੈਰੀਟੇਬਲ ਸੰਗਠਨ ਜਾਂ ਐੱਨ ਜੀ ਓ ਨੂੰ ਦਿੱਤਾ ਜਾਣਾ ਚਾਹੀਦਾ ਹੈ। ਇਹ ਫੰਡ ਗੈਰ-ਮੁਨਾਫਾ ਸਪਾਂਸਰਿੰਗ ਸੰਗਠਨਾਂ ਵੱਲੋਂ ਮੈਨੇਜ ਕੀਤੇ ਜਾਂਦੇ ਹਨ। ਇਹ ਸੰਗਠਨ ਅਮਰੀਕੀ ਵਿਦੇਸ਼ ਵਿਭਾਗ ਕੋਲ ਫਾਰਮ 990 ਦਾਇਰ ਕਰਦੇ ਹਨ, ਜੋ ਗ੍ਰਾਂਟਾਂ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਦਾਨ ਕੀਤੀ ਗਈ ਰਕਮ ਬਾਰੇ ਵੇਰਵੇ ਪ੍ਰਦਾਨ ਕਰਦਾ ਹੈ। ਹਾਲਾਂਕਿ ਇਹ ਦਸਤਾਵੇਜ਼ ਆਮ ਤੌਰ 'ਤੇ ਅਸਲ ਦਾਨੀ ਦੀ ਪਛਾਣ ਨਹੀਂ ਦੱਸਦੇ ਹਨ। ਇਸ ਤਰ੍ਹਾਂ, ਜਦੋਂ ਕਿ ਪ੍ਰਾਪਤਕਰਤਾ ਸੰਗਠਨ ਦੀ ਪਛਾਣ ਜਨਤਕ ਰਿਕਾਰਡਾਂ ਤੋਂ ਕੀਤੀ ਜਾ ਸਕਦੀ ਹੈ, ਅਸਲ ਦਾਨੀ ਦੀ ਪਛਾਣ ਜਾਂ ਦਾਨ ਦੇ ਸਰੋਤ ਨੂੰ ਅਸਪੱਸ਼ਟ ਰੱਖਿਆ ਜਾ ਸਕਦਾ ਹੈ।

ਅਮਰੀਕਾ ਵਿੱਚ ਤਿੰਨ ਪ੍ਰਮੁੱਖ ਫੰਡਰਾਂ ਵਿੱਚ ਫਿਡੇਲਿਟੀ ਚੈਰੀਟੇਬਲ, ਅਮੈਰੀਕਨ ਆਨਲਾਈਨ ਗਿਵਿੰਗ ਫਾਊਂਡੇਸ਼ਨ (ਏ ਓ ਜੀ ਐੱਫ) ਅਤੇ ਚਾਰਲਸ ਸ਼ਵਾਬ ਨਾਲ ਸੰਬੰਧਤ ਡੀ ਏ ਐੱਫ ਗਿਵਿੰਗ 360 ਸ਼ਾਮਲ ਹਨ। ਇਨ੍ਹਾਂ ਤਿੰਨਾਂ ਨੇ ਮਿਲ ਕੇ ਦੋਵਾਂ ਸੰਸਥਾਵਾਂ ਨੂੰ ਲੱਗਭੱਗ 2 ਕਰੋੜ ਡਾਲਰ, ਜਾਂ 81.7 ਪ੍ਰਤੀਸ਼ਤ, ਡੀ ਏ ਐੱਫ ਗ੍ਰਾਂਟਾਂ ਪ੍ਰਦਾਨ ਕੀਤੀਆਂ। ਇਸ ਵਿਵਸਥਾ 'ਤੇ ਸਵਾਲ ਉਠਾਏ ਗਏ ਹਨ, ਕਿਉਂਕਿ ਦਾਨ ਦਾ ਸਰੋਤ ਹਮੇਸ਼ਾ ਜਨਤਕ ਰਿਕਾਰਡਾਂ ਤੋਂ ਆਸਾਨੀ ਨਾਲ ਉਪਲੱਬਧ ਨਹੀਂ ਹੁੰਦਾ ਹੈ। ਏਕਲ ਵਿਦਿਆਲਿਆ ਫਾਊਂਡੇਸ਼ਨ, ਜੋ ਕਿ ਹਿਊਸਟਨ, ਟੈਕਸਾਸ ਵਿੱਚ ਸਥਿਤ ਹੈ, ਦਾ ਕਹਿਣਾ ਹੈ ਕਿ ਇਸ ਦਾ ਮਿਸ਼ਨ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਅਤੇ ਬੁਨਿਆਦੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਇਸ ਦਾ ਕੰਮ ਭਾਰਤ ਵਿੱਚ ਏਕਲ ਵਿਦਿਆਲਿਆ ਪ੍ਰੋਜੈਕਟ ਦੇ ਵਿਸਥਾਰ ਨਾਲ ਜੁੜਿਆ ਹੋਇਆ ਹੈ। ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਕਈ ਸਾਲਾਂ ਤੋਂ ਏਕਲ ਵਿਦਿਆਲਿਆ ਦੇ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਆ ਰਹੇ ਹਨ। ਦੋਸ਼ ਲੱਗਦੇ ਹਨ ਕਿ ਏਕਲ ਸਕੂਲ ਗਰੀਬ ਅਤੇ ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ ਦੇ ਬੱਚਿਆਂ ਅਤੇ ਔਰਤਾਂ ਵਿੱਚ ਹਿੰਦੂਤਵ ਵਿਚਾਰਧਾਰਾ ਅਤੇ ਮੁਸਲਮਾਨਾਂ ਤੇ ਈਸਾਈਆਂ ਬਾਰੇ ਨਕਾਰਾਤਮਕ ਰੂੜ੍ਹੀਵਾਦੀ ਧਾਰਨਾਵਾਂ ਨੂੰ ਉਤਸ਼ਾਹਤ ਕਰਦੇ ਹਨ। ਸੇਵਾ ਇੰਟਰਨੈਸ਼ਨਲ ਇੰਕ. ਵੀ ਹਿਊਸਟਨ ਵਿੱਚ ਸਥਿਤ ਹੈ ਅਤੇ ਆਪਣੇ-ਆਪ ਨੂੰ ਹਿੰਦੂ ਧਰਮ 'ਤੇ ਅਧਾਰਤ ਇੱਕ ਗੈਰ-ਮੁਨਾਫਾ ਮਾਨਵਤਾਵਾਦੀ ਸੇਵਾ ਸੰਸਥਾ ਵਜੋਂ ਦਰਸਾਉਂਦੀ ਹੈ। 2023 ਵਿੱਚ ਆਪਣੇ ਬਾਨੀ ਮੈਂਬਰ ਵੇਦ ਪ੍ਰਕਾਸ਼ ਨੰਦਾ ਦੀ ਮੌਤ 'ਤੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ, ਸੰਗਠਨ ਨੇ ਲਿਖਿਆ ਕਿ ਉਹ ਆਰ ਐੱਸ ਐੱਸ ਦੇ ਆਦਰਸ਼ਾਂ ਨੂੰ ਪ੍ਰਣਾਏ ਹੋਏ ਸਨ। ਦਸੰਬਰ 2024 ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੇਵਾ ਭਾਰਤੀ ਦੀ ਸਥਾਪਨਾ ਵਿੱਚ ਆਰ ਐੱਸ ਐੱਸ ਦੇ ਨੇਤਾਵਾਂ ਦੀ ਭੂਮਿਕਾ ਦੀ ਚਰਚਾ ਕੀਤੀ ਸੀ।

ਆਰ ਐੱਸ ਐੱਸ ਭਾਰਤ ਵਿੱਚ ਇੱਕ ਰਜਿਸਟਰਡ ਸੰਗਠਨ ਵਜੋਂ ਕੰਮ ਨਹੀਂ ਕਰਦਾ ਹੈ ਅਤੇ ਇਸ ਦਾ ਕੋਈ ਰਸਮੀ ਮੈਂਬਰਸ਼ਿਪ ਢਾਂਚਾ ਨਹੀਂ ਹੈ। ਆਰ ਐੱਸ ਐੱਸ ਦੇ ਸਰੋਤਾਂ, ਵਿੱਤ, ਪ੍ਰਭਾਵ ਅਤੇ ਗਤੀਵਿਧੀਆਂ ਦੀ ਕੋਈ ਸੁਤੰਤਰ ਨਿਗਰਾਨੀ ਨਹੀਂ ਹੈ। ਜਵਾਬਦੇਹੀ ਅਤੇ ਜਨਤਕ ਜਾਂਚ ਦੀ ਘਾਟ ਸੰਗਠਨ ਦੀ ਵਿਆਪਕ ਪਹੁੰਚ ਅਤੇ ਪ੍ਰਭਾਵ ਨੂੰ ਦੇਖਦੇ ਹੋਏ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

# ਮੁਲਾਜ਼ਮਾਂ ਦਾ ਮਸੀਹਾ ਸ਼ਹੀਦ ਨਛੱਤਰ ਸਿੰਘ ਧਾਲੀਵਾਲ

**ਜਗਦੀਸ਼ ਸਿੰਘ ਚਾਹਲ**

ਸੱਚ ਬੋਲਣ ਵਾਲਿਆਂ, ਸੱਚ ਲਈ ਖੜ੍ਹਨ ਵਾਲਿਆਂ ਅਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਕੇ ਲੋਕਾਂ ਨੂੰ ਲਾਮਬੰਦ ਕਰਨ ਵਾਲਿਆਂ ਦਾ ਨਾਂਅ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਂਦਾ ਹੈ। ਅਜਿਹੀ ਹੀ ਸ਼ਖ਼ਸੀਅਤ ਦੇ ਮਾਲਕ ਸਨ ਸਾਡੇ ਸਾਰਿਆਂ ਦੇ ਸ਼ਹੀਦ 'ਬਾਈ' ਨਛੱਤਰ ਸਿੰਘ ਧਾਲੀਵਾਲ। ਪੰਜਾਬ ਰੋਡਵੇਜ਼ ਮੁਲਾਜ਼ਮਾਂ ਦੇ ਮਸੀਹਾ, ਸਮੁੱਚੀ ਕਿਰਤੀ ਜਮਾਤ ਦੇ ਉਦਾਹਰਣੀ ਰਹਿਬਰ, ਮਨੁੱਖੀ ਗੁਣਾਂ ਦੀ ਬੁਲੰਦੀ ਨੂੰ ਪੁੱਜੇ 'ਅਸਲੀ ਇਨਸਾਨ' ਸਾਦਾ, ਸੰਜਮੀ, ਸੁਘੜ-ਸਿਆਣਾ, ਸੂਰਤ ਅਤੇ ਸੀਰਤ ਦੇ ਧਨੀ, ਆਤਮ ਵਿਸ਼ਵਾਸ ਨਾਲ ਭਰਪੂਰ, ਬਾ'ਦਲੀਲ ਗਜ਼ਬ ਦਾ ਬੁਲਾਰਾ, ਬਾਈ ਨਛੱਤਰ ਸਿੰਘ ਭਾਵੇਂ (1938-1988) ਪੰਜਾਹ ਵਰ੍ਹੇ ਹੀ ਜੀਵਿਆ, ਪਰ ਉਸ 'ਲੋਕ ਜਾਏ' ਦੀ ਮਿਹਨਤਕਸ਼ ਲੋਕਾਂ ਨੂੰ ਵਡਮੁੱਲੀ ਦੇਣ ਹੈ।

ਬਾਈ ਨਛੱਤਰ ਸਿੰਘ ਧਾਲੀਵਾਲ ਦਾ ਜਨਮ 16 ਮਈ 1938 ਨੂੰ ਮਾਤਾ ਚੰਦ ਕੌਰ ਦੀ ਕੁੱਖੋਂ ਪਿਤਾ ਭਾਗ ਸਿੰਘ ਦੇ ਗ੍ਰਹਿ ਵਿਖੇ ਪਿੰਡ ਬੱਧਨੀ ਖੁਰਦ ਜ਼ਿਲ੍ਹਾ ਫਿਰੋਜ਼ਪੁਰ (ਹੁਣ ਮੋਗਾ) ਵਿੱਚ ਹੋਇਆ। ਧਾਲੀਵਾਲ ਸੱਤ ਭੈਣ-ਭਰਾਵਾਂ ਵਿੱਚੋਂ ਵਿਚਕਾਰਲਾ ਪੁੱਤਰ ਸੀ। ਜਵਾਨੀ ਦੀ ਦਹਿਲੀਜ ਉੱਪਰ ਪੈਰ ਧਰਦਿਆਂ ਘਰੇਲੂ ਮਜਬੂਰੀਆਂ ਨੂੰ ਅਣਡਿੱਠ ਨਹੀਂ ਕਰ ਸਕਦਾ ਸਨ। ਕੁਝ ਸਮਾਂ ਕੰਮ ਦੀ ਤਲਾਸ਼ ਕਰਨ ਉਪਰੰਤ ਬਾਗਬਾਨੀ ਵਿਗਿਆਨ ਮਹਿਕਮੇ ਵਿੱਚ ਨੌਕਰੀ ਕੀਤੀ। ਮੈਨੇਜਮੈਂਟ ਦੀਆਂ ਵਧੀਕੀਆਂ ਸਦਕਾ ਐਜੀਟੇਸ਼ਨ ਕੀਤੀ ਅਤੇ ਜਿੱਤ ਪ੍ਰਾਪਤ ਕੀਤੀ। ਇਥੋਂ ਹੀ ਬਾਈ ਜੀ ਦਾ ਸੰਘਰਸ਼ੀ ਸਫ਼ਰ ਸ਼ੁਰੂ ਹੁੰਦਾ ਹੈ। ਸਮੇਂ ਦੇ ਗੇੜ ਨਾਲ ਧਾਲੀਵਾਲ 1958 ਵਿੱਚ ਓਮਨੀ ਬੱਸ ਸਰਵਿਸ ਵਿੱਚ ਬਤੌਰ ਕੰਡਕਟਰ ਅੰਮ੍ਰਿਤਸਰ ਭਰਤੀ ਹੋਏ, ਜਿਸ ਦਾ ਬਾਅਦ ਵਿੱਚ ਨਾਂਅ ਪੰਜਾਬ ਰੋਡਵੇਜ਼ ਰੱਖਿਆ ਗਿਆ। ਕਿਰਤੀਆਂ ਦੇ ਹੱਕਾਂ ਲਈ ਬੇ-ਇਨਸਾਫ਼ੀ ਵਿਰੁੱਧ ਕਿਰਤੀਆਂ ਨੂੰ ਲਾਮਬੰਦ ਕਰਨਾ ਅਤੇ ਸੰਘਰਸ਼ ਕਰਨਾ ਤਾਂ ਬਾਈ ਜੀ ਨੇ ਰੋਡਵੇਜ਼ ਵਿੱਚ ਭਰਤੀ ਹੋਣ ਤੋਂ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਸੀ। ਬਾਈ ਜੀ ਨੂੰ ਮੋਗਾ ਖੇਤਰ ਦੇ ਮਸ਼ਹੂਰ ਕਮਿਊਨਿਸਟ ਆਗੂਆਂ ਨਾਲ ਮਿਲ ਕੇ ਕੰਮ ਕਰਨ ਦਾ ਮੌਕਾ ਵੀ ਨਸੀਬ ਹੋਇਆ ਜਿਨ੍ਹਾਂ ਵਿੱਚ ਬਾਬਾ ਅਰੂੜ ਸਿੰਘ ਚੂਹੜ ਚੱਕ, ਬਾਬਾ ਨਿਧਾਨ ਸਿੰਘ ਮਹੇਸਰੀ, ਬਾਬਾ ਬਚਨ ਸਿੰਘ ਘੋਲੀਆ, ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ, ਕਾਮਰੇਡ ਮੁਨਸ਼ਾ ਸਿੰਘ ਤਖਤੂਪੁਰਾ, ਕਾਮਰੇਡ ਸੱਘੜ ਸਿੰਘ ਰੌਂਤਾ, ਕਾਮਰੇਡ ਸਰਬਣ ਸਿੰਘ ਫਤਹਿੜ੍ਹ ਕੋਰੋਟਾਣਾ, ਅਜਾਇਬ ਸਿੰਘ ਰੌਂਤਾ ਇਹਨਾਂ ਸਾਬਕਾ ਵਿਧਾਇਕਾਂ ਤੋਂ ਇਲਾਵਾ ਹਲਕੇ ਦੇ ਨਾਮਵਰ ਕਮਿਊਨਿਸਟ ਅਤੇ ਉੱਘੀਆਂ ਸ਼ਖ਼ਸੀਅਤਾਂ, ਜਿਨ੍ਹਾਂ ਵਿੱਚ ਕਾਮਰੇਡ ਰੁਲਦੂ ਖਾਨ, ਕਾਮਰੇਡ ਉਜਾਗਰ ਸਿੰਘ ਬੁੱਧ ਸਿੰਘ ਵਾਲਾ, ਕਾਮਰੇਡ ਕੇਹਰ ਸਿੰਘ ਮਾਹਲਾ, ਕਾਮਰੇਡ ਗੁਰਦਿਆਲ ਸਿੰਘ ਡਾਲਾ, ਕਾਮਰੇਡ ਸਰੈਣ ਸਿੰਘ ਘਾਲੀ, ਕਾਮਰੇਡ ਸਰਬਣ ਸਿੰਘ ਸਹਿਗਲ ਅਤੇ ਕਾਮਰੇਡ ਜਗਰੂਪ ਆਦਿ।

ਕਾਮਰੇਡ ਧਾਲੀਵਾਲ ਨੇ ਰੋਡਵੇਜ਼ ਵਿੱਚ ਭਰਤੀ ਹੁੰਦਿਆਂ ਹੀ ਪੰਜਾਬ ਗੌਰਮਿੰਟ ਟ੍ਰਾਂਸਪੋਰਟ ਯੂਨੀਅਨ ਵਿੱਚ ਸਰਗਰਮੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਦੀ ਸਰਗਰਮੀ ਉਹਨਾਂ ਦੇ ਸਾਹਮਣੇ ਗਿਆਨ ਖੋਲ੍ਹਦੀ ਗਈ। ਸੰਨ 1966 ਅਤੇ 1968 ਦੀਆਂ ਹੜਤਾਲਾਂ ਵਿੱਚ ਕੀਤੀ ਸਰਗਰਮੀ ਨੇ ਉਹਨਾਂ ਨੂੰ ਪੰਜਾਬ ਰੋਡਵੇਜ਼ ਡਿਪੂ ਮੋਗਾ ਦਾ ਜਨਰਲ ਸਕੱਤਰ ਬਣਾ ਦਿੱਤਾ। ਜਥੇਬੰਦੀ ਨੇ ਉਹਨਾਂ ਦੀ ਸੂਝ-ਬੂਝ ਅਤੇ ਸਖ਼ਤ ਮਿਹਨਤ ਦੀ ਪਰਖ ਕਰਦਿਆਂ 1971 ਵਿੱਚ ਮਾਰਕਸਵਾਦ ਦੀ ਉਚੇਰੀ ਸਿੱਖਿਆ ਹਾਸਲ ਕਰਨ ਦੇ ਲਈ 9 ਮਹੀਨੇ ਦੇ ਕੋਰਸ ਲਈ ਬੁਲਗਾਰੀਆ ਭੇਜਿਆ। ਸ਼ੁਰੂਆਤੀ ਦਿਨਾਂ ਵਿੱਚ ਘੱਟ ਵਿਦਿਅਕ ਯੋਗਤਾ ਕੁੱਝ ਅੜਿੱਕਾ ਬਣੀ, ਪਰ ਬਾਈ ਜੀ ਦੀ ਅਣਥੱਕ ਮਿਹਨਤ ਅਤੇ ਤੇਜ਼ ਬੁੱਧੀ ਦੇ ਚਲਦਿਆਂ ਉਹ ਹੌਲੀ-ਹੌਲੀ ਸਭ ਮੰਜ਼ਲਾਂ ਉੱਪਰ ਕਾਬੂ ਪਾਉਣ ਵਿੱਚ ਸਫ਼ਲ ਹੋ ਗਏ। ਇਸ 9 ਮਹੀਨੇ ਦੇ ਅੰਤਰਰਾਸ਼ਟਰੀ ਸਕੂਲ ਵਿੱਚ ਏਸ਼ੀਆ, ਅਫ਼ਰੀਕਾ ਅਤੇ ਦੱਖਣੀ ਅਮਰੀਕਾ ਦੇ 36 ਸਿਖਿਆਰਥੀਆਂ ਨੇ ਹਿੱਸਾ ਲਿਆ। ਇਸ ਅੰਤਰਰਾਸ਼ਟਰੀ ਸਕੂਲ ਵਿੱਚ ਰਾਜਨੀਤਕ-ਆਰਥਿਕਤਾ ਦੀ ਕੀਤੀ ਪੜ੍ਹਾਈ ਦੇ ਅਖੀਰਲੇ ਟੈਸਟ ਵਿੱਚੋਂ ਬਾਈ ਨਛੱਤਰ ਸਿੰਘ ਧਾਲੀਵਾਲ ਫਸਟ ਆਏ, ਜਿਸ ਦਾ ਸਰਟੀਫਿਕੇਟ ਅੱਜ ਵੀ ਪਰਿਵਾਰ ਕੋਲ਼ ਮੌਜੂਦ ਹੈ।

ਮਾਰਕਸਵਾਦ ਦੀ ਸਮਝ ਹਾਸਲ ਕਰਨ ਉਪਰੰਤ ਉਹਨਾਂ ਮਹਿਸੂਸ ਕੀਤਾ ਕਿ ਸਮਾਜਿਕ ਤਬਦੀਲੀ ਲਈ ਆਗੂਆਂ ਅਤੇ ਵਰਕਰਾਂ ਨੂੰ ਪੜ੍ਹਾਉਣਾ ਅਤਿ ਜ਼ਰੂਰੀ ਹੈ। ਇਸ ਲਈ ਉਹਨਾਂ ਮੋਗੇ ਪਰਤਦਿਆਂ ਹੀ ਉੱਘੇ ਟਰੇਡ ਯੂਨੀਅਨ ਆਗੂ ਕਾਮਰੇਡ ਸਤੀਸ਼ ਲੂੰਬਾ ਦੀ ਯਾਦ ਵਿੱਚ ਉੱਸਰੇ ਭਵਨ ਵਿੱਚ ਬਲੈਕ ਬੋਰਡ ਸਥਾਪਤ ਕਰਕੇ ਵਰਕਰਾਂ ਨੂੰ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ। ਕੁਝ ਸਮੇਂ ਦੀ ਟਰੇਨਿੰਗ ਪਿੱਛੋਂ ਹੀ ਉਹਨਾ ਆਪਣੇ ਪਿੱਛੇ ਆਗੂਆਂ ਦੀ ਪਾਲ ਖੜ੍ਹੀ ਕਰ ਦਿੱਤੀ। ਟ੍ਰਾਂਸਪੋਰਟ ਕਾਮਿਆਂ ਤੋਂ ਇਲਾਵਾ ਬਿਜਲੀ ਬੋਰਡ, ਅਧਿਆਪਕ, ਸਿਹਤ ਵਿਭਾਗ, ਬੈਂਕਾਂ, ਫੋਰਥ ਕਲਾਸ, ਮਿਉਂਸਪਲ ਕਾਮੇ ਅਤੇ ਵਿਦਿਆਰਥੀ ਲੀਡਰ ਅਤੇ ਵਰਕਰ ਵੀ ਬਾਈ ਪਾਸੋਂ ਵਿੱਦਿਆ ਹਾਸਲ ਕਰਦੇ ਅਤੇ ਆਪਣੇ ਵਿਭਾਗ ਵਿੱਚ ਆਉਂਦੀਆਂ ਮੁਸ਼ਕਲਾਂ ਦੇ ਹੱਲ ਲਈ ਵਿਚਾਰ-ਵਟਾਂਦਰਾ ਕਰਨ ਲਈ ਭਵਨ ਵਿੱਚ ਆਇਆ ਕਰਦੇ ਸਨ। ਬਾਈ ਜੀ ਨੇ ਆਪਣੀ ਮਿਹਨਤ ਸਦਕਾ ਪੁਲਸ ਵਿਭਾਗ ਅਤੇ ਪ੍ਰਾਈਵੇਟ ਅਦਾਰਿਆਂ ਵਿੱਚ ਵੀ ਯੂਨੀਅਨਾਂ ਸਥਾਪਤ ਕਰਨ ਵਿੱਚ ਮੁੱਖ ਭੂਮਿਕਾ ਅਦਾ ਕੀਤੀ। ਉਹਨਾਂ ਦੀ ਵਧਦੀ ਮਕਬੂਲੀਅਤ ਅਤੇ ਸਖ਼ਤ ਮਿਹਨਤ ਨੂੰ ਵੇਖਦਿਆਂ 1973 ਵਿੱਚ ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੀ ਸੂਬਾਈ ਕਾਨਫਰੰਸ ਜਲੰਧਰ ਵਿੱਚ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਨੂੰ ਪ੍ਰਧਾਨ ਅਤੇ ਕਾਮਰੇਡ ਜਸਵੰਤ ਸਿੰਘ ਸਮਰਾ ਨੂੰ ਜਨਰਲ ਸਕੱਤਰ ਚੁਣ ਲਿਆ ਗਿਆ। ਕਾਮਰੇਡ ਨਛੱਤਰ ਸਿੰਘ ਧਾਲੀਵਾਲ ਪੰਜਾਬ ਰੋਡਵੇਜ਼ ਤੋਂ ਇਲਾਵਾ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਨੈਸ਼ਨਲ ਫੈਡਰੇਸ਼ਨ ਆਫ਼ ਇੰਡੀਅਨ ਰੋਡ ਟ੍ਰਾਂਸਪੋਰਟ ਵਰਕਰਜ਼, ਏਟਕ ਦੇ ਸੂਬਾਈ ਅਤੇ ਕੇਂਦਰੀ ਆਗੂ ਵੀ ਜਲਦੀ ਹੀ ਬਨ ਗਏ। ਆਪ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਕੌਂਸਲ ਮੈਂਬਰ ਅਤੇ ਟਰੇਡ ਯੂਨੀਅਨ ਕੌਂਸਲ ਮੋਗਾ ਦੇ ਪ੍ਰਧਾਨ ਵੀ ਸਨ।

ਕਾਮਰੇਡ ਨਛੱਤਰ ਸਿੰਘ ਧਾਲੀਵਾਲ ਆਪਣੀ ਜਥੇਬੰਦੀ ਦੇ ਵਰਕਰਾਂ ਨੂੰ ਸਿਧਾਂਤਕ ਤੌਰ 'ਤੇ ਲੈਸ ਕਰਨਾ ਆਪਣਾ ਮੁੱਖ ਨਿਸ਼ਾਨਾ ਸਮਝਦੇ ਸਨ। ਇਸ ਲਈ ਉਹ ਹਰ ਛੇ ਮਹੀਨੇ 2-3 ਦਿਨਾਂ ਦਾ ਸਿਧਾਂਤਕ ਸਕੂਲ ਜ਼ਰੂਰ ਲਗਾਇਆ ਕਰਦੇ ਸਨ। ਉਹ ਕੋਈ ਵੀ ਮੌਕਾ ਸਕੂਲ ਲਾਉਣ ਦਾ ਖੁੰਝਾਉਂਦੇ ਨਹੀਂ ਸਨ। ਕਈ ਵਾਰ ਹੜ੍ਹਤਾਲ ਹੋ ਜਾਣ ਸਮੇਂ ਵੀ ਮੁਲਾਜ਼ਮਾਂ ਨੂੰ ਇਕੱਠੇ ਕਰਕੇ ਸਕੂਲ ਲਗਾਉਂਦੇ ਸਨ। ਉਹਨਾਂ ਤੋਂ ਬਾਅਦ ਕਾਮਰੇਡ ਗੁਰਮੇਲ ਸਿੰਘ ਮੋਗਾ ਨੇ ਵੀ ਸਕੂਲ ਲਗਾਉਣ ਦਾ ਅਮਲ ਲਗਾਤਾਰ ਜਾਰੀ ਰੱਖਿਆ। ਉਹ ਆਪਣੀ ਲਾ-ਇਲਾਜ ਬਿਮਾਰੀ (ਕੈਂਸਰ) ਦੇ ਚਲਦਿਆਂ ਆਖਰੀ ਸਮੇਂ ਵੀ ਜਥੇਬੰਦੀ ਨੂੰ ਇੱਕ ਪੱਤਰ ਭੇਜ ਕੇ ਸਕੂਲ ਨੂੰ ਲਗਾਤਾਰ ਲਗਾਉਣ ਲਈ ਉਪਦੇਸ਼ ਦੇ ਕੇ ਗਏ। ਜਿਸ ਨੂੰ ਕਾਮਰੇਡ ਜਗਰੂਪ ਦੀ ਮਦਦ ਨਾਲ ਜਥੇਬੰਦੀ ਨੇ ਅਜੇ ਤੱਕ ਜਾਰੀ ਰੱਖਿਆ ਹੋਇਆ ਹੈ।



ਕਾਮਰੇਡ ਨਛੱਤਰ ਸਿੰਘ ਧਾਲੀਵਾਲ ਅਤੇ ਜਸਵੰਤ ਸਿੰਘ ਸਮਰਾ ਦੀ ਜੋੜੀ ਵੱਲੋਂ ਬਾਕੀ ਆਗੂ ਸਾਥੀਆਂ ਦੇ ਸਹਿਯੋਗ ਸਦਕਾ ਮੁਲਾਜ਼ਮ ਮੰਗਾਂ ਅਤੇ ਮਹਿਕਮੇ ਦੀ ਬਿਹਤਰੀ ਲਈ ਅਨੇਕਾਂ ਘੋਲ ਲੜੇ ਅਤੇ ਘੋਲਾਂ ਦੀ ਯੋਗ ਅਗਵਾਈ ਸਦਕਾ ਮੁਲਾਜ਼ਮਾਂ ਦੀਆਂ ਕਈ ਆਰਥਿਕ ਮੰਗਾਂ ਮੁਲਾਜ਼ਮਾਂ ਦੀ ਝੋਲੀ ਪੁਆਈਆਂ।

1978 ਤੋਂ ਪੰਜਾਬ ਅੰਦਰ ਵੱਖਵਾਦੀ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਸਨ। ਨਛੱਤਰ ਸਿੰਘ ਧਾਲੀਵਾਲ ਨੇ ਇਸ ਵੱਖਵਾਦੀ ਆਵਾਜਾਂ ਦਾ ਸੂਬਾ ਅਤੇ ਦੇਸ਼ ਉੱਪਰ ਪੈਣ ਵਾਲੇ ਮਾੜੇ ਪ੍ਰਭਾਵ ਪ੍ਰਤੀ ਲੋਕਾਂ ਨੂੰ ਸਕੂਲਾਂ ਅਤੇ ਰੈਲੀਆ ਰਾਹੀਂ ਜਾਗਰੂਕ ਕਰਨਾ ਸ਼ੁਰੂ ਕੀਤਾ। ਧਾਲੀਵਾਲ ਇਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਸਮਝਦੇ ਸਨ। ਧਾਲੀਵਾਲ ਆਮ ਤੌਰ 'ਤੇ ਗੇਟ ਰੈਲੀਆਂ ਵਿੱਚ ਕਿਹਾ ਕਰਦੇ ਸਨ ਕਿ ਅਮਰੀਕਨ ਸਾਮਰਾਜੀਏ ਸਾਡੇ ਧੀਆਂ-ਪੁੱਤਰਾਂ ਦੇ ਵਿਹਲੇ ਹੱਥਾਂ ਵਿੱਚ ਬੰਦੂਕਾਂ ਫੜਾ ਰਹੇ ਹਨ ਅਤੇ ਇਸ ਨੂੰ ਧਰਮ ਦੀ ਪੁੱਠ ਚਾੜ੍ਹ ਰਹੇ ਹਨ, ਜਿਸ ਨਾਲ ਅਗਾਂਹਵਧੂ ਅਤੇ ਮਨੁੱਖਤਾ ਦੇ ਭਲੇ ਵਾਲੀਆਂ ਸੰਸਥਾਵਾਂ ਦਾ ਘਾਣ ਕੀਤਾ ਜਾ ਰਿਹਾ ਹੈ, ਜਿਸ ਕਰਕੇ ਸਾਮਰਾਜੀਆਂ ਵੱਲੋਂ ਸ਼ਿਸਕਾਰੇ ਅੱਤਵਾਦੀਆਂ ਨੇ 21 ਅਕਤੂਬਰ 1988 ਨੂੰ ਧਾਲੀਵਾਲ ਦੇ ਪਿੰਡ ਘਾਤ ਲਗਾ ਕੇ ਉਹਨਾ ਦੇ ਸਿਰ ਵਿੱਚ ਗੋਲੀਆਂ ਮਾਰ ਕੇ ਉਹਨਾ ਦੀ ਸੋਚ ਨੂੰ ਸਦਾ ਲਈ ਖਤਮ ਕਰਨ ਦੀ ਕੋਝੀ ਚਾਲ ਚੱਲੀ। ਸਾਥੀ ਨੂੰ ਸ਼ਹੀਦ ਕਰਨ ਦੀ ਖਬਰ ਜੰਗਲ ਦੀ ਅੱਗ ਵਾਂਗ ਸਾਰੇ ਸੂਬੇ ਵਿੱਚ ਫੈਲ ਗਈ। ਅਕਤੂਬਰ 22 ਨੂੰ ਉਹਨਾ ਦੇ ਪਿੰਡ ਅੰਤਮ ਸਸਕਾਰ ਮੌਕੇ ਕਿਰਤੀ ਜਥੇਬੰਦੀਆਂ ਅਤੇ ਪੰਜਾਬ ਦੀ ਮਿਹਨਤਕਸ਼ ਜਨਤਾ ਦੇ ਬੇ-ਹਿਸਾਬੇ ਇਕੱਠ ਨੇ ਇਹ ਸਾਬਤ ਕਰ ਦਿੱਤਾ ਕਿ ਲੋਕ ਲਹਿਰਾਂ ਨੂੰ ਸਮਰਪਤ ਰਹਿਣ ਵਾਲੇ ਆਗੂ ਕਦੇ ਮਰਦੇ ਨਹੀਂ, ਸਗੋਂ ਉਹ ਸ਼ਹੀਦ ਦਾ ਰੁਤਬਾ ਪਾ ਕੇ ਸਦਾ ਲਈ ਲੋਕ ਮਨਾਂ ਵਿੱਚ ਅਮਰ ਹੋ ਜਾਂਦੇ ਹਨ।

ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੇ ਪਿੰਡ ਬੱਧਨੀ ਖੁਰਦ ਵਿਖੇ ਉਹਨਾ ਦੇ ਸ਼ਰਧਾਂਜਲੀ ਸਮਾਗਮ ਉੱਪਰ ਜਥੇਬੰਦੀ ਦੇ ਜਨਰਲ ਸਕੱਤਰ ਕਾਮਰੇਡ ਜਸਵੰਤ ਸਿੰਘ ਸਮਰਾ ਵੱਲੋਂ ਕੀਤੇ ਐਲਾਨ ਕਿ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਨੂੰ ਸਦਾ ਲਈ ਜ਼ਿੰਦਾ ਰੱਖਣ ਲਈ ਉਹਨਾ ਦੀ ਯਾਦ ਵਿੱਚ ਮੋਗਾ ਬੱਸ ਸਟੈਂਡ ਉੱਪਰ ਸ਼ਾਨਦਾਰ 'ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ' ਉਸਾਰਿਆ ਜਾਵੇਗਾ, ਉਸ ਨੂੰ ਸੱਚ ਸਾਬਿਤ ਕਰਨ ਲਈ ਉਹਨਾਂ ਦੀ ਦੂਸਰੀ ਬਰਸੀ ਉੱਪਰ ਇਸ ਭਵਨ ਦਾ ਨੀਂਹ ਪੱਥਰ ਉੱਘੇ ਟਰੇਡ ਯੂਨੀਅਨ ਆਗੂ ਕਾਮਰੇਡ ਏ ਬੀ ਬਰਧਨ ਨੇ ਰੱਖਿਆ। ਅੱਤਵਾਦ ਪੂਰਾ ਜੋਬਨ ਉੱਪਰ ਹੋਣ ਦੇ ਬਾਵਜੂਦ ਅਨੇਕਾਂ ਮੁਸ਼ਕਲਾਂ ਤੇ ਆਰਥਿਕ ਤੰਗੀਆਂ ਨੂੰ ਪਾਰ ਕਰਦਿਆਂ ਹੋਇਆਂ ਉਹਨਾ ਦੀ ਜਥੇਬੰਦੀ, ਸਹਿਯੋਗੀ ਜਥੇਬੰਦੀਆਂ ਅਤੇ ਵਿਦੇਸ਼ਾਂ ਵਿੱਚ ਬੈਠੇ ਬਾਈ ਨਛੱਤਰ ਸਿੰਘ ਨੂੰ ਪਿਆਰ ਕਰਨ ਵਾਲਿਆਂ ਨੇ ਕਾਮਰੇਡ ਰੁਲਦੂ ਖਾਨ ਦੇ ਸਹਿਯੋਗ ਸਦਕਾ ਉਹਨਾ ਦੀ ਪੰਜਵੀਂ ਬਰਸੀ ਮੌਕੇ ਮਹਾਨ ਕਮਿਊਨਿਸਟ ਆਗੂ ਕਾਮਰੇਡ ਸੱਤਪਾਲ ਡਾਂਗ ਨੇ ਉਦਘਾਟਨ ਕਰਕੇ ਇਸ ਯਾਦਗਾਰੀ ਭਵਨ ਨੂੰ ਲੋਕਾਂ ਲਈ ਸਮਰਪਿਤ ਕੀਤਾ।

ਇਹ ਨਛੱਤਰ ਭਵਨ ਅੱਜ ਵੀ ਮਾਰਕਸਵਾਦ ਦੇ ਪ੍ਰਚਾਰ-ਪਸਾਰ ਦਾ ਕੇਂਦਰ ਬਣਿਆ ਹੋਇਆ ਹੈ। ਇਸ ਭਵਨ ਵਿੱਚ ਵੱਖ-ਵੱਖ ਜਥੇਬੰਦੀਆਂ, ਫੈਡਰੇਸ਼ਨਾਂ ਅਤੇ ਕਿਰਤੀ ਲੋਕ ਆਪਣੀਆਂ ਮੀਟਿੰਗਾਂ, ਕਨਵੈਨਸ਼ਨਾਂ ਅਤੇ ਕਾਨਫਰੰਸਾਂ ਕਰਕੇ ਲਗਾਤਾਰ ਆਪਣੀਆਂ ਸਰਗਰਮੀਆਂ ਕਰਦੇ ਹਨ। ਇਸ ਭਵਨ ਵਿੱਚੋਂ ਮਾਰਕਸਵਾਦ ਦੀ ਸਿੱਖਿਆ ਲੈ ਕੇ ਅਨੇਕਾਂ ਵਿਦਿਆਰਥੀ ਸੂਬਾ ਅਤੇ ਦੇਸ਼ ਪੱਧਰ ਦੀਆਂ ਜਥੇਬੰਦੀਆਂ ਵਿੱਚ ਅਹਿਮ ਅਹੁਦਿਆਂ ਉੱਪਰ ਕੰਮ ਕਰ ਰਹੇ ਹਨ। ਇਹਨਾਂ ਸਾਥੀਆਂ ਨੂੰ ਚੇਤੰਨ ਕਰਨ ਲਈ ਕਾਮਰੇਡ ਜਗਰੂਪ ਦੀ ਮੁੱਖ ਭੂਮਿਕਾ ਹੈ। ਇਹ ਭਵਨ ਰੋਜ਼ਗਾਰ ਪ੍ਰਾਪਤੀ ਚੇਤਨਾ ਮੁਹਿੰਮ ਅਤੇ ਰੋਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦਾ ਵੀ ਸੂਬਾਈ ਕੇਂਦਰ ਹੈ।

ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਇਸ ਸਰਮਾਏ ਨੂੰ ਸਹੀ ਅਰਥਾਂ ਵਿੱਚ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ ਆਪਣੀ ਜਥੇਬੰਦੀ ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਨੇ ਸਾਂਭ ਕੇ ਰੱਖਿਆ ਹੋਇਆ ਹੈ। ਅੱਜ 21 ਅਕਤੂਬਰ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ 38ਵੀਂ ਬਰਸੀ ਹੈ, ਜਦਕਿ ਹਰ ਪਾਸੇ ਸਰਮਾਏ ਦਾ ਕਬਜ਼ਾ ਹੈ। ਸਰਮਾਏ ਨੇ ਸਾਡੇ ਰਿਸ਼ਤੇ ਵਿੱਚ ਵੀ ਕਾਫ਼ੀ ਹੱਦ ਤੱਕ ਖੜੋਤ ਪੈਦਾ ਕਰ ਦਿੱਤੀ ਹੈ। ਆਪਣੇ ਖ਼ੂਨ ਦੇ ਰਿਸ਼ਤੇ, ਸਕੇ-ਸੰਬੰਧੀ ਵੀ ਆਪਣੇ ਵਡੇਰਿਆਂ ਦੀਆਂ ਅੰਤਮ ਰਸਮਾਂ ਅਦਾ ਕਰਨ ਤੋਂ ਵੀ ਅਸਮਰਥ ਹਨ। ਅਜੋਕੇ ਸਮੇਂ ਵਿੱਚ 38ਵੀਂ ਬਰਸੀ ਮਨਾਉਣਾ ਜਥੇਬੰਦੀ ਲਈ ਮਾਣ ਵਾਲੀ ਗੱਲ ਹੈ। ਇਸ ਲਈ ਜਥੇਬੰਦੀ ਨੂੰ ਸਲਾਮ ਕਰਨਾ ਬਣਦਾ ਹੈ।

# ਸੰਪਰਕ : 99149-00856

# ਅਪਣੱਤ ਜਦੋਂ ਜਾਗਦੀ ਹੈ

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ।ਇਹ ਆਪਣੇ ਆਲ਼ੇ-ਦੁਆਲ਼ੇ ਅਪਣਾਪਣ ਪੈਦਾ ਕਰਕੇ ਜਿੰਦਗੀ ਦਾ ਅਨੰਦ ਮਾਣਦਾ ਹੈ।ਭਾਵੇਂ ਪਿੰਡ ਹੋਵੇ, ਕਸਬਾ ਹੋਵੇ ਜਾਂ ਸ਼ਹਿਰ ਹੋਵੇ, ਜਿੱਧਰ ਦੀ ਵੀ ਉਹ ਗੁਜ਼ਰਦਾ ਹੈ, ਉਸ ਨੂੰ ਅਪਣੇਪਣ ਦਾ ਅਹਿਸਾਸ ਹੁੰਦਾ ਹੈ। ਭਾਵੇਂ ਮਨੁੱਖ ਇੱਕ ਸਮਾਜਿਕ ਜੀਵ ਹੈ, ਪਰ ਉਹ ਜਿਹੜੇ ਗਲ਼ੀ ਮੁਹੱਲੇ ਵਿੱਚ ਰਹਿੰਦਾ ਹੈ ਉਸ ਨੂੰ ਹਰ ਪਲ ਆਪਣਾ ਆਪਣਾ ਲੱਗਦਾ ਹੈ । ਕਦੇ ਵੀ ਮੁਹੱਲੇ ਵਿੱਚ, ਵਾਰਡ ਵਿੱਚ ਜਾਂ ਬਾਜ਼ਾਰ ਵਿੱਚ ਕੋਈ ਲੜਾਈ-ਝਗੜਾ ਹੋ ਜਾਵੇ ਤਾਂ ਵੀ ਉਸ ਨੂੰ ਇਹ ਸੋਚ ਕੇ ਚੁੱਪ ਕਰਨਾ ਪੈਂਦਾ ਹੈ ਕਿ ਯਾਰ ! ਇਹ ਲੋਕ ਵੀ ਤਾਂ ਆਪਣੇ ਹਨ । ਆਪਣੇ ਪਿੰਡ ਦਾ, ਸ਼ਹਿਰ ਦਾ ਜਾਂ ਇਲਾਕੇ ਦਾ ਬੰਦਾ ਕਿਤੇ ਦੂਰ-ਦੁਰਾਡੇ ਮਿਲ ਜਾਵੇ ਤਾਂ ਅਸੀਂ ਭੱਜ ਕੇ ਮਿਲਦੇ ਹਾਂ, ਉਸ ਦਾ ਕੋਈ ਦੁੱਖ, ਤਕਲੀਫ ਜਾਂ ਮੁਸ਼ਕਲ ਬਾਰੇ ਪੁੱਛਦੇ ਹਾਂ ਤੇ ਉਸ ਨੂੰ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਾਂ। ਜੇਕਰ ਮਾਝੇ ਵਾਲੇ ਇਲਾਕੇ ਵਿੱਚ ਮਾਲਵੇ ਵਾਲੇ ਬੰਦੇ ਨੂੰ ਮਲਵਈ ਮਿਲ ਜਾਵੇ, ਉਸ ਨੂੰ ਭੱਜ ਕੇ ਮਿਲਦਾ ਹੈ। ਇਸ ਤਰ੍ਹਾਂ ਅਪਣੱਤ ਦਾ ਅਹਿਸਾਸ ਹੁੰਦਾ ਹੈ।

ਸੁਨਾਮ ਹਲਕੇ ਦੇ ਐੱਮ ਐੱਲ ਏ ਭਗਵਾਨ ਦਾਸ ਅਰੋੜਾ ਹੋਇਆ ਕਰਦੇ ਸਨ ।ਉਹ ਇਸੇ ਅਪਣੱਤ ਕਾਰਨ ਲੋਕਾਂ ਵਿਚ ਹਰਮਨ-ਪਿਆਰੇ ਸਨ ।ਜਦੋਂ ਵੀ ਆਪਣੇ ਇਲਾਕੇ ਤੋਂ ਬਾਹਰ ਗਿਆਂ ਨੂੰ ਕੋਈ ਉਨ੍ਹਾਂ ਦੇ ਇਲਾਕੇ ਦਾ ਬੰਦਾ ਮਿਲ ਜਾਂਦਾ ਤਾਂ ਉਸ ਨੂੰ ਗਰਮਜੋਸ਼ੀ ਨਾਲ ਮਿਲਦੇ, ਹਾਲ-ਚਾਲ ਪੁੱਛਦੇ ਤੇ ਕਿਸੇ ਕਿਸਮ ਦੀ ਕੋਈ ਲੋੜ ਹੁੰਦੀ ਤਾਂ ਮਦਦ ਕਰਦੇ। ਇਸ ਸ਼ਿਸ਼ਟਾਚਾਰ ਦੀ ਹੀ ਖੱਟੀ ਖਾਂਦੇ ਸਨ, ਹਰ ਵਾਰ ਵੋਟਾਂ ਵਿੱਚ ਜਿੱਤ ਜਾਂਦੇ ਸਨ।

ਕਾਫ਼ੀ ਦੇਰ ਦੀ ਘਟਨਾ ਹੈ ।ਨੌਕਰੀ ਦੌਰਾਨ ਬਾਹਰ ਦਾ ਘੁੰਮਣ ਦਾ ਪ੍ਰੋਗਰਾਮ ਬਣਾਇਆ । ਹਿਮਾਚਲ ਦੇ ਤਕਰੀਬਨ ਸਾਰੇ ਹਿੱਲ ਸਟੇਸ਼ਨ ਘੁੰਮ ਲਏ ਸਨ ਪਰ ਸਾਂਗਲਾ ਵੈਲੀ ਰਹਿ ਗਈ ਸੀ।ਇਸ ਵਾਰ ਆਪਣੇ ਰਿਸ਼ਤੇਦਾਰ ਨਾਲ ਪਰਵਾਰ ਸਮੇਤ ਸਾਂਗਲਾ ਵੈਲੀ ਘੁੰਮਣ ਦਾ ਪ੍ਰੋਗਰਾਮ ਬਣਾ ਲਿਆ। ਸਾਂਗਲਾ ਵੈਲੀ ਸ਼ਿਮਲੇ ਤੋਂ ਤਕਰੀਬਨ ਦੋ ਸੌ ਚਾਲੀ ਕੁ ਕਿਲੋਮੀਟਰ ਦੂਰ ਹੈ। ਇਹ ਨਾਰਕੰਡੇ ਤੋਂ ਸਰਾਹਨ (ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੀ ਪੁਰਾਣੀ ਰਿਆਸਤ ਹੈ) ਤੋਂ ਅੱਗੇ ਨਿਗੁਲਾ ਸਾਰੀ, ਭਾਵਾ ਨਗਰ, ਵਾਂਗਤੂ, ਕਿਲਬਾ ਤੇ ਕਰਛਮ ਤੱਕ ਤਾਂ ਰਸਤਾ ਠੀਕ-ਠਾਕ ਹੈ ਸਾਰੀ ਸੜਕ ਸਤਲੁਜ ਦੇ ਕਿਨਾਰੇ-ਕਿਨਾਰੇ ਚਲਦੀ ਹੈ।ਕਰਛਮ ਤੋਂ ਬਿਲਕੁਲ ਸਿੱਧੀ ਚਟਾਨ ਵਿੱਚੋਂ ਚਟਾਨ ਨੂੰ ਕੱਟ ਕੇ ਚੌਦਾਂ ਕਿਲੋਮੀਟਰ ਸੜਕ ਦਾ ਰਸਤਾ ਸਾਂਗਲਾ ਵੈਲੀ ਤੱਕ ਬਣਾਇਆ ਹੋਇਆ ਹੈ, ਜਿਹੜਾ ਬੜਾ ਖਤਰਨਾਕ ਹੈ ।ਇਕ ਪਾਸੇ ਚਟਾਨ ਹੈ, ਦੂਸਰੇ ਪਾਸੇ ਬਹੁਤ ਥੱਲੇ ਵਗ ਰਹੀ ਪਾਰਵਤੀ ਨਦੀ ਹੈ।ਸਾਈਡ 'ਤੇ ਕੋਈ ਬੈਰੀਕੇਡ ਨਹੀਂ ਸਨ।ਬਸ ਲੋਕ ਰੱਬ ਆਸਰੇ ਸਾਂਗਲਾ ਪਹੁੰਚ ਜਾਂਦੇ ਸਨ ।ਲੋਕਲ ਪਹਾੜੀ ਲੋਕਾਂ ਦਾ ਤਾਂ ਰੋਜ਼ ਦਾ ਆਉਣਾ-ਜਾਣਾ ਸੀ, ਇਸ ਕਰਕੇ ਉਨ੍ਹਾਂ ਨੂੰ ਡਰ ਨਹੀਂ ਲੱਗਦਾ ਸੀ, ਪਰ ਸਾਡੇ ਵਰਗਿਆਂ ਦੀ ਹੇਠਾਂ ਡੂੰਘਾਈ ਦੇਖ ਕੇ ਕਲੇਜਾ ਮੂੰਹ ਨੂੰ ਆਉਂਦਾ ਸੀ।



ਸੁਰਿੰਦਰ ਸ਼ਰਮਾ ਨਾਗਰਾ

ਧੂਰੀ ਤੋਂ ਚੱਲੇ ਅਸੀਂ ਸਰਾਹਨ ਭੀਮਾਕਾਲੀ ਮੰਦਰ ਦੀ ਸਰਾਂ ਵਿੱਚ ਰੁਕ ਗਏ। ਇਹ ਬਹੁਤ ਪ੍ਰਾਚੀਨ ਤੇ ਪ੍ਰਸਿੱਧ ਦੁਰਗਾ ਦਾ ਮੰਦਰ ਹੈ। ਸਵੇਰੇ ਉਠੇ ਤੇ ਤਿਆਰ ਹੋ ਕੇ ਵੀਰਭੱਦਰ ਸਿੰਘ ਦਾ ਮਹਿਲ ਦੇਖਿਆ। ਹਾਲਾਂਕਿ ਇਹ ਟੂਰਿਸਟਾਂ ਲਈ ਬੰਦ ਸੀ ਪਰ ਕੇਅਰਪਾਲ ਨੂੰ ਬੇਨਤੀ ਕਰਕੇ ਅੰਦਰੋਂ ਦੇਖ ਲਿਆ । ਬਹੁਤ ਹੀ ਖੂਬਸੂਰਤ ਤੇ ਸ਼ਾਨਦਾਰ ਸੀ। ਤਕਰੀਬਨ ਬਹੁਤੀ ਲੱਕੜ ਦੀ ਕਾਰਗਿਰੀ ਕੀਤੀ ਹੋਈ ਸੀ।ਅੱਜ ਵੀ ਬਹੁਤ ਵਧੀਆ ਹਾਲਤ ਵਿੱਚ ਸੀ।ਕੇਅਰਪਾਲ ਕਹਿੰਦਾ ਕਿ ਵੀਰਭੱਦਰ ਸਿੰਘ ਕਦੇ-ਕਦੇ ਇੱਥੇ ਆਉਂਦੇ ਹਨ ਤੇ ਰਹਿੰਦੇ ਹਨ।ਇਸ ਤੋਂ ਬਾਅਦ ਅਸੀਂ ਅੱਗੇ ਚੱਲ ਪਏ। ਦਰਿਆ ਦੇ ਕਿਨਾਰੇ ਸਫਰ ਵਿੱਚ ਬੜਾ ਅਨੰਦ ਆ ਰਿਹਾ ਸੀ।ਇਕ ਵਜੇ ਅਸੀਂ ਕਰਛਮ ਪਹੁੰਚ ਗਏ ।ਹੁਣ ਇਥੋਂ 14 ਕਿਲੋਮੀਟਰ ਸਿੱਧੀ ਚੜ੍ਹਾਈ ਸੀ।ਡਰਾਈਵਰ ਨੂੰ ਕਿਹਾ ਕਿ ਸਾਵਧਾਨ ਹੋ ਕੇ ਗੱਡੀ ਚਲਾਈਂ।ਸਾਡੇ ਅੱਗੇ ਹਿਮਾਚਲੀਆਂ ਦਾ ਪਿਕਅਪ ਟੈਂਪੂ ਲੱਗ ਗਿਆ, ਅਸੀਂ ਵੀ ਉਸ ਦੇ ਪਿੱਛੇ ਗੱਡੀ ਲਾ ਲਈ । ਬੜੇ ਅਰਾਮ ਨਾਲ ਟੈਂਪੂ ਵਾਲੇ ਚੱਲ ਰਹੇ ਸਨ ਤੇ ਅਸੀਂ ਵੀ ਪਿੱਛੇ-ਪਿੱਛੇ ਜਾ ਰਹੇ ਸੀ।ਸਾਰਿਆਂ ਨੂੰ ਕਿਹਾ ਸੀ ਕਿ ਸਿੱਧੇ ਸੜਕ ਵੱਲ ਵੇਖੋ, ਸੱਜੇ ਪਾਸੇ ਦੇਖਣ ਨਾਲ ਡਰ ਆਉਂਦਾ ਸੀ, ਕਿਉਂਕਿ ਹੇਠਾਂ ਦੂਰ ਤੱਕ ਕੁਝ ਦਿਖਾਈ ਨਹੀਂ ਦਿੰਦਾ ਸੀ।ਕੇਵਲ ਨਦੀ ਦੀ ਲਕੀਰ ਜਿਹੀ ਦਿਸਦੀ ਸੀ।ਸਾਰੇ ਚੁੱਪ-ਚਾਪ ਸਫਰ ਕਰ ਰਹੇ ਸਨ, ਕੋਈ ਚੂੰ-ਚਾਂ ਨਹੀਂ ਕਰ ਰਿਹਾ ਸੀ, ਸਾਹ ਵੀ ਹੌਲੀ-ਹੌਲੀ ਲੈ ਰਹੇ ਸਨ।ਇਕ ਜਗਾਹ ਟੈਂਪੂ ਰੁਕ ਗਿਆ, ਅਸੀਂ ਵੀ ਰੁਕ ਗਏ। ਟੈਂਪੂ ਵਾਲਾ ਡਰਾਈਵਰ ਉਤਰ ਕੇ ਹੇਠਾਂ ਵੇਖ ਕੇ ਬੋਲਿਆ ਕਿ ਪਰਮਾਤਮਾ ਨਾ ਕਰੇ ਕਿ ਟੈਂਪੂ ਸਾਈਡ 'ਤੇ ਗਿਰ ਜਾਵੇ ਤਾਂ ਨਦੀ ਤੱਕ ਪਹੁੰਚਣ ਨੂੰ ਪੰਦਰਾਂ ਮਿੰਟ ਲੱਗ ਜਾਣਗੇ ।ਕਹਿਣ ਦਾ ਭਾਵ ਬਹੁਤ ਡੂੰਘਾਈ ਦਿਸ ਰਹੀ ਸੀ। ਅੱਗੇ ਦੇਖਿਆ, ਇਕ ਟਰੱਕ ਅੜਿੰਗ-ਅੜਿੰਗ ਕੇ ਚੜ੍ਹਾਈ ਚੜ੍ਹ ਰਿਹਾ ਸੀ,ਕਲੀਨਰ ਪਿਛਲੇ ਟਾਇਰਾਂ ਪਿੱਛੇ ਥੋੜ੍ਹੀ ਥੋੜ੍ਹੀ ਦੇਰ ਬਾਅਦ ਲੱਕੜ ਦੇ ਗੁਟਕੇ ਲਾਉਂਦਾ ਜਾ ਰਿਹਾ ਸੀ, ਤਾਂ ਕਿ ਟਰੱਕ ਬੈਕ ਨਾ ਹੋ ਜਾਏ।ਅਸੀਂ ਹੋਟਲ ਵਿੱਚ ਕਮਰਾ ਲਿਆ, ਆਰਾਮ ਕੀਤਾ ਤੇ ਸ਼ਾਮ ਨੂੰ ਵੈਲੀ ਘੁੰਮਣ ਚਲੇ ਗਏ। ਬਹੁਤ ਹੀ ਸੁੰਦਰ ਬਾਗ-ਬਗੀਚਿਆਂ ਵਿੱਚ ਘੁੰਮਦੇ ਰਹੇ। ਬੱਚੇ ਹੋਟਲ ਦੇ ਵਿਹੜੇ ਵਿੱਚ ਖੇਡਦੇ ਰਹੇ, ਛਾਲਾਂ ਮਾਰਦੇ ਰਹੇ।ਰਾਤ ਦਾ ਪਹਾੜੀ ਖਾਣਾ ਬਹੁਤ ਸੁਆਦ ਸੀ ਖਾ ਪੀ ਕੇ ਸੌਂ ਗਏ। ਸਵੇਰੇ ਉੱਠੇ , ਤਿਆਰ ਹੋਏ ਤੇ ਲੋਕਲ ਟੈਕਸੀ ਵਾਲੇ ਨੂੰ ਭਾਰਤ ਦਾ ਆਖਰੀ ਪਿੰਡ ਚਿਤਕੁਲ ਦੇਖਣ ਲਈ ਪੁੱਛਿਆ ।ਚਿਤਕੁਲ ਇੱਥੋਂ ਤਕਰੀਬਨ 20-22 ਕਿਲੋਮੀਟਰ ਸੀ, ਪਰ ਟੈਕਸੀ ਵਾਲੇ ਨੇ ਦੱਸਿਆ ਕਿ ਰਸਤੇ ਵਿੱਚ ਦੋ ਪਹਾੜੀ ਨਾਲ਼ੇ ਪੈਂਦੇ ਹਨ, ਕਦੇ-ਕਦੇ ਉਹਨਾਂ ਵਿੱਚ ਐਨਾ ਪਾਣੀ ਆ ਜਾਂਦਾ ਹੈ ਕਿ ਕਾਰ ਲੰਘ ਨਹੀਂ ਸਕਦੀ ਤੇ ਵਾਪਸ ਮੁੜਨਾ ਪੈਂਦਾ ਹੈ।ਬੱਚਿਆਂ ਕਰਕੇ ਅਸੀਂ ਘਬਰਾ ਗਏ ਤੇ ਚਿਤਕੁਲ ਜਾਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ। ਇਕ ਔਰਤ ਸਾਡੇ ਪਿੱਛੇ-ਪਿੱਛੇ ਆ ਰਹੀ ਸੀ ਤੇ ਗਹੁ ਨਾਲ ਸਾਡੀਆਂ ਗੱਲਾਂ ਸੁਣਦੀ ਆ ਰਹੀ ਸੀ।ਅਸੀਂ ਜ਼ਰਾ ਰੁਕੇ, ਉਹ ਨੇੜੇ ਆ ਗਈ। ਕਹਿਣ ਲੱਗੀ, 'ਤੁਸੀਂ ਸੰਗਰੂਰ ਜਿਲ੍ਹੇ ਤੋਂ ਆਏ ਹੋਏ ਹੋ ?' ਅਸੀਂ ਬੜੇ ਹੈਰਾਨ ਹੋਏ ਕਿ ਇਸ ਨੇ ਸਾਨੂੰ ਕਿਵੇਂ ਪਛਾਣ ਲਿਆ । ਉਹ ਕਹਿੰਦੀ, 'ਮੈਂ ਤੁਹਾਡੀ ਬੋਲੀ ਤੋਂ ਪਛਾਣਿਆ ਹੈ।ਮੈਂ ਰਹਿਣ ਵਾਲੀ ਇਸੇ ਪਿੰਡ ਦੀ ਹਾਂ, ਪਰ ਵਿਆਹੀ ਹੋਈ ਸੰਗਰੂਰ ਦੇ ਲਾਗੇ ਕੰਮੋਮਾਜਰਾ ਪਿੰਡ ਵਿੱਚ ਹਾਂ ।ਅੱਜਕੱਲ੍ਹ ਆਪਣੇ ਪਰਵਾਰ ਨੂੰ ਮਿਲਣ ਆਪਣੇ ਪਿੰਡ ਆਈ ਹੋਈ ਹਾਂ।' ਨੇੜੇ ਹੀ ਉਸ ਦਾ ਛੋਟਾ ਜਿਹਾ ਪਹਾੜੀ ਪਿੰਡ ਸੀ। ਸਾਨੂੰ ਮਿਲ ਕੇ ਉਸ ਨੂੰ ਬਹੁਤ ਚਾਅ ਚੜ੍ਹਿਆ ਤੇ ਉਸ ਦੀ ਸੰਗਰੂਰ ਜ਼ਿਲ੍ਹੇ ਵਾਲ਼ੀ ਅਪਣੱਤ ਜਾਗ ਪਈ। ਉਹ ਸਾਨੂੰ ਆਪਣੇ ਘਰ ਲੈ ਗਈ। ਸਾਡੀ ਬਹੁਤ ਸੇਵਾ ਕੀਤੀ।ਕਿਧਰੇ ਬਦਾਮ,ਅਖਰੋਟ ਤੇ ਸੇਬ ਕੱਟ ਕੇ ਖੁਆਏ ਤੇ ਦੁੱਧ ਪੀਣ ਨੂੰ ਦਿੱਤਾ, ਬੱਚਿਆਂ ਦੀਆਂ ਜੇਬਾਂ ਬਦਾਮ-ਅਖਰੋਟਾਂ ਨਾਲ ਭਰ ਦਿੱਤੀਆਂ। ਉਸ ਦੀ ਅਪਣੱਤ ਤੇ ਪ੍ਰਾਹੁਣਚਾਰੀ ਵੇਖ ਕੇ ਬਹੁਤ ਪ੍ਰਭਾਵਤ ਹੋਏ ਤੇ ਮਨ ਖੁਸ਼ ਹੋਇਆ।

# ਸੰਪਰਕ : 98786-46595

# 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਬਾਰੇ ਬਾਬੇ ਨਾਨਕ ਦੇ ਵਿਚਾਰ

**ਪਿਰਥੀਪਾਲ ਸਿੰਘ ਮਾੜੀਮੇਘਾ**

ਬਾਬੇ ਨਾਨਕ ਨੇ ਅੱਖਰ ਤੇ ਵਿਦਿਆ ਗਿਆਨ ਨੂੰ ਬਹੁਤ ਉੱਚਾ ਦਰਜਾ ਦਿੱਤਾ ਹੈ। ਅੱਖਰੀ ਗਿਆਨ ਤੋਂ ਬਗੈਰ ਮਨੁੱਖ ਅੰਨ੍ਹਾ ਤੇ ਲੂਲਾ ਹੁੰਦਾ ਹੈ। ਇਹ ਕਹਾਵਤ ਮਸ਼ਹੂਰ ਹੈ ਕਿ ਗਿਆਨ ਦੀ ਤਲਵਾਰ ਅਸਲੀ ਲੋਹੇ ਭਾਵ ਸਟੀਲ ਦੀ ਤਲਵਾਰ ਨਾਲੋਂ ਕਿਤੇ ਵਧੇਰੇ ਤਿੱਖੀ ਹੁੰਦੀ ਹੈ। ਬਾਬੇ ਨਾਨਕ ਨੇ ਗਿਆਨ-ਅਕਲ ਦੀ ਤਲਵਾਰ ਲੈ ਕੇ ਹੀ ਦੁਨੀਆ ਘੁੰਮੀ ਤੇ ਹਰ ਜਗ੍ਹਾ 'ਤੇ ਜਾ ਕੇ ਆਪਣਾ ਨਰੋਆ ਗਿਆਨ ਵੰਡਿਆ ਅਤੇ ਲੁਕਾਈ ਨੂੰ ਵਹਿਮ-ਭਰਮਾਂ ਤੋਂ ਨਜ਼ਾਕਤ ਦਵਾਉਣ ਦੀ ਪੂਰੀ ਕੋਸ਼ਿਸ਼ ਕੀਤੀ । ਬਾਬੇ ਨਾਨਕ ਦੇ ਪਿਤਾ ਜੀ ਮਹਿਤਾ ਕਾਲੂ ਪੜ੍ਹੇ-ਲਿਖੇ ਹੋਣ ਕਰਕੇ ਪਟਵਾਰੀ ਸਨ ਅਤੇ ਉਨ੍ਹਾ ਨੇ ਬਾਬੇ ਨਾਨਕ ਨੂੰ ਪੜ੍ਹਾਉਣ ਵਿੱਚ ਕੋਈ ਕਸਰ ਨਾ ਛੱਡੀ, ਇਸੇ ਕਰਕੇ ਬਾਬਾ ਨਾਨਕ ਉੱਚ ਪਾਏ ਦੇ ਗਿਆਨਵਾਨ ਬਣੇ । ਉਹ ਗਿਆਨ ਬਾਬੇ ਨਾਨਕ ਨੇ ਉਦਾਸੀਆਂ ਰਾਹੀਂ ਦੁਨੀਆਂ ਭਰ ਵਿੱਚ ਵੰਡਿਆ ।

ਬਾਬੇ ਨਾਨਕ ਨੇ ਹਰਦੁਆਰ (ਗੰਗਾ ਦਾ ਕਿਨਾਰਾ) ਜਾ ਕੇ ਉਨ੍ਹਾਂ ਪੰਡਤਾਂ ਨੂੰ ਵਿਅੰਗਾਤਮਕ ਢੰਗ ਨਾਲ ਚੁਣੌਤੀ ਦਿੱਤੀ। ਹਰਦੁਆਰ ਹਿੰਦੂ ਕਮਿਊਨਿਟੀ ਦੇ ਲੋਕ ਆਪਣੇ ਵਡੇਰਿਆਂ ਕੋਲ ਪਾਣੀ ਪਹੁੰਚਾਉਣ ਲਈ ਪੂਰਬ ਵੱਲ ਮੂੰਹ ਕਰਕੇ ਸੂਰਜ ਵੱਲ ਪਾਣੀ ਸੁੱਟ ਰਹੇ ਸਨ। ਬਾਬੇ ਨਾਨਕ ਨੇ ਪਾਣੀ ਉਲਟ ਪਾਸੇ ਭਾਵ ਪੱਛਮ (ਪੰਜਾਬ) ਵੱਲ ਸੁੱਟਣਾ ਸ਼ੁਰੂ ਕਰ ਦਿੱਤਾ। ਜਦੋਂ ਪੰਡਤਾਂ ਨੇ ਬਾਬੇ ਨਾਨਕ ਨੂੰ ਪੁੱਛਿਆ ਕਿ ਤੁਸੀਂ ਪਾਣੀ ਸੂਰਜ ਵੱਲ ਸੁੱਟਣ ਦੀ ਥਾਂ ਉਲਟ ਪਾਸੇ ਕਿਉਂ ਸੁੱਟ ਰਹੇ ਹੋ ਤਾਂ ਬਾਬੇ ਨਾਨਕ ਨੇ ਕਿਹਾ-ਸੂਰਜ ਤੇ ਅਸੰਖ ਅਸੰਖ ਦੂਰ ਹੈ। (ਜਾਣਕਾਰੀ ਲਈ ਧਰਤੀ ਤੋਂ ਸੂਰਜ 9 ਕ੍ਰੋੜ,29 ਲੱਖ,55 ਹਜ਼ਾਰ 828 ਮੀਲ ਦੂਰ ਹੈ।) ਜੇ ਤੁਹਾਡਾ ਪਾਣੀ ਸੂਰਜ 'ਤੇ ਪਹੁੰਚ ਸਕਦਾ ਹੈ ਤਾਂ ਮੇਰਾ ਪਾਣੀ ਕਰਤਾਰਪੁਰ ਵਿਖੇ ਮੇਰੇ ਖੇਤਾਂ ਵਿੱਚ ਕਿਉਂ ਨਹੀਂ ਪਹੁੰਚ ਸਕਦਾ। ਮੇਰੀਆਂ ਫਸਲਾਂ ਸੁੱਕ ਰਹੀਆਂ ਉਨ੍ਹਾਂ ਨੂੰ ਪਾਣੀ ਮਿਲ ਜਾਵੇਗਾ। ਉਸ ਸਮੇਂ ਵਿੱਚ ਬਾਬੇ ਨਾਨਕ ਕੋਲ ਏਨਾ ਗੂੜ੍ਹਾ ਗਿਆਨ ਸੀ ਕਿ ਸੂਰਜ ਤਾਂ ਬਹੁਤ ਦੂਰ ਹੈ ਅਤੇ ਉਸ ਦੇ ਮੁਕਾਬਲੇ ਕਰਤਾਰਪੁਰ ਕਿਤੇ ਨੇੜੇ ਹੈ। ਦਰਅਸਲ ਬਾਬੇ ਨਾਨਕ ਦਾ ਉਪਦੇਸ਼ ਇਹ ਸੀ ਕਿ ਝੂਠੇ ਰੀਤੀ-ਰਿਵਾਜ ਛੱਡ ਕੇ ਸੱਚੇ ਮਾਰਗ 'ਤੇ ਚੱਲਣਾ ਚਾਹੀਦਾ ਹੈ। ਬਾਬੇ ਨਾਨਕ ਨੇ ਹਿਮਾਲੀਆ ਦੇ ਪਹਾੜਾਂ ਵਿੱਚ ਜੋਗੀਆਂ ਭਾਵ ਸਿੱਧਾਂ ਨੂੰ ਕਿਹਾ ਕਿ ਪ੍ਰਭੂ ਨੂੰ ਪਾਉਣ ਲਈ ਘਰ-ਬਾਰ ਤਿਆਗ ਕੇ ਜੰਗਲਾਂ ਜਾਂ ਗੁਫਾਵਾਂ ਵਿੱਚ ਜਾਣ ਦੀ ਲੋੜ ਨਹੀਂ ਗ੍ਰਹਿਸਥੀ ਜੀਵਨ ਵਿੱਚ ਰਹਿੰਦਿਆਂ ਹੀ ਸਿਮਰਨ ਕਰਨ ਨਾਲ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ।

ਬਾਬਾ ਨਾਨਕ ਆਪਣਾ ਗਿਆਨ ਵੰਡਣ ਅਤੇ ਮੁਸਲਿਮ ਭਾਈਚਾਰੇ ਦੇ ਵਹਿਮ-ਭਰਮ ਦੂਰ ਕਰਨ ਵਾਸਤੇ ਮੱਕੇ ਅਤੇ ਮਦੀਨੇ (ਮੱਕਾ ਮੁਸਲਿਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਸਥਾਨ ਹੈ ਅਤੇ ਇਥੇ ਮਸਜਿਦ ਕਾਬਾ ਹੈ ਅਤੇ ਮਦੀਨਾ ਸਾਊਦੀ ਅਰਬ ਵਿੱਚ ਹੈ। ਇਹ ਇਸਲਾਮ ਧਰਮ ਦਾ ਦੂਜਾ ਸਭ ਤੋਂ ਵੱਡਾ ਪਵਿੱਤਰ ਸਥਾਨ ਹੈ ਜਿਥੇ ਪੈਗੰਬਰ ਦੀ ਮਸਜਿਦ ਹੈ) ਪਹੁੰਚ ਜਾਂਦੇ ਹਨ। ਬਾਬਾ ਨਾਨਕ ਯਾਤਰਾ ਦੌਰਾਨ ਬਹੁਤ ਥੱਕੇ ਹੋਣ ਕਰਕੇ ਮਸਜਿਦ ਵਿੱਚ ਪੈਰ ਕਾਬੇ ਵੱਲ ਕਰਕੇ ਲੇਟ ਗਏ। ਕਾਜ਼ੀ ਰੁਕਨ-ਉਦ-ਦੀਨ ਨੇ ਇਤਰਾਜ਼ ਕੀਤਾ ਤੇ ਬਾਬੇ ਨਾਨਕ ਨੂੰ ਆਖਿਆ ਕਿ ਤੁਸੀਂ ਖੁਦਾ ਦੇ ਘਰ ਵੱਲ ਪੈਰ ਕਰਕੇ ਲੇਟ ਗਏ ਹੋ। ਬਾਬੇ ਨਾਨਕ ਨੇ ਬੜੇ ਪਿਆਰ ਭਰੇ ਸਲੀਕੇ ਨਾਲ ਜੁਆਬ ਦਿੱਤਾ-ਪੈਰ ਉਸ ਪਾਸੇ ਕਰ ਦਿਓ, ਜਿਧਰ ਖੁਦਾ ਨਾ ਹੋਵੇ । ਬਾਬੇ ਨਾਨਕ ਨੇ ਮਸਜਿਦ ਦੇ ਕਾਜ਼ੀ ਨੂੰ ਕਿਹਾ ਕਿ ਪ੍ਰਭੂ ਤਾਂ ਸਰਬ-ਵਿਆਪਕ ਹੈ ਤੇ ਕਣ-ਕਣ ਵਿੱਚ ਵੱਸਦਾ ਹੈ। ਇਹ ਕਿਸੇ ਖਾਸ ਦਿਸ਼ਾ ਜਾਂ ਥਾਂ ਤੱਕ ਸੀਮਤ ਨਹੀਂ ।ਇਸ ਲਈ ਜਿਧਰ ਨੂੰ ਮਰਜ਼ੀ ਮੇਰੇ ਪੈਰ ਕਰ ਦਿਓ, ਓਧਰ ਹੀ ਕਾਬਾ ਹੈ। ਬਾਬੇ ਨਾਨਕ ਨੇ ਮੁਸਲਿਮ ਭਾਈਚਾਰੇ ਨਾਲ ਚਰਚਾ ਕਰਦਿਆਂ ਕਿਹਾ ਕਿ ਅਸਲ ਹੱਜ ਮਨ ਨੂੰ ਪਵਿੱਤਰ ਕਰਨਾ, ਝੂਠ ਤਿਆਗਣਾ ਅਤੇ ਸੱਚਾ ਆਚਰਣ ਬਣਾਉਣਾ ਹੈ।

ਬਾਬੇ ਨਾਨਕ ਨੇ ਪੜ੍ਹਨ-ਲਿਖਣ ਵਿੱਚ ਅੱਖਰ ਦੀ ਮਹੱਤਤਾ ਬਾਰੇ ਦੱਸਿਆ ਕਿ ਜੋ ਵੀ ਬਾਣੀ ਕਵਿਤਾ ਜਾਂ ਵਾਰਤਿਕ ਵਿੱਚ ਲਿਖੀ ਜਾਂਦੀ ਹੈ, ਉਸ ਦਾ ਮਾਧਿਅਮ ਅੱਖਰ ਹੀ ਹਨ । ਪੜ੍ਹਨ-ਲਿਖਣ ਭਾਵ ਗਿਆਨ ਵੀ ਅੱਖਰਾਂ ਰਾਹੀਂ ਹੀ ਪ੍ਰਾਪਤ ਹੁੰਦਾ ਹੈ । ਮਨੁੱਖੀ ਸਮਾਜ ਵਿੱਚ ਸੰਪਰਕ ਅਤੇ ਮਿਲਾਪ ਵੀ ਅੱਖਰਾਂ ਦੀ ਸਹਾਇਤਾ ਨਾਲ ਹੀ ਹੁੰਦਾ ਹੈ। ਬਾਬਾ ਨਾਨਕ ਬਾਣੀ ਵਿੱਚ ਲਿਖਦੇ ਹਨ: 'ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥' ਅਰਥ ਹੈ ਕਿ ਪ੍ਰਭੂ ਦਾ ਨਾਂਅ ਵੀ ਅੱਖਰਾਂ ਰਾਹੀਂ ਹੀ ਲਿਆ ਜਾਂਦਾ ਅਤੇ ਉਸ ਦੀ ਸਿਫਤ ਸਲਾਹ ਵੀ ਅੱਖਰਾਂ ਰਾਹੀਂ ਕੀਤੀ ਜਾਂਦੀ ਹੈ । ਸਿਫਤ ਸਲਾਹ ਦੇ ਗੀਤ ਅਤੇ ਉਸ ਦੇ ਗੁਣਾਂ ਦੀ ਸਮਝ ਵੀ ਅੱਖਰਾਂ, ਸ਼ਬਦਾਂ ਅਤੇ ਬੋਲੀ ਰਾਹੀਂ ਹੀ ਪ੍ਰਾਪਤ ਹੁੰਦੀ ਹੈ। ਬੋਲੀ ਜਾਂ ਬਾਣੀ ਦਾ ਲਿਖਣਾ ਅਤੇ ਬੋਲਣਾ ਅੱਖਰ ਰਾਹੀਂ ਹੀ ਹੁੰਦਾ ਹੈ। ਮਨੁੱਖ ਦੇ ਭਾਗਾਂ ਅਤੇ ਲੇਖਾਂ ਦਾ ਨਿਰਣਾ ਜਾਂ ਬਿਆਨ ਵੀ ਅੱਖਰਾਂ ਰਾਹੀਂ ਹੀ ਕੀਤਾ ਜਾਂਦਾ ਹੈ।

ਬਾਬੇ ਨਾਨਕ ਕੋਲ ਪੰਜਾਬੀ ਦੇ ਸ਼ਬਦਾਂ ਦਾ ਬਹੁਤ ਵੱਡਾ ਭੰਡਾਰ ਹੋਣ ਕਰਕੇ ਉਨ੍ਹਾਂ ਸਾਰੀ ਬਾਣੀ ਪੰਜਾਬੀ ਭਾਸ਼ਾ ਦੇ ਸੌਖੇ ਸ਼ਬਦਾਂ ਵਿੱਚ ਲਿਖੀ ਹੈ। ਬਾਣੀ ਵਿਦਿਆ ਗ੍ਰਹਿਣ ਕਰਨ ਲਈ ਇੱਕ ਬਹੁਤ ਵੱਡਾ ਸੋਮਾ ਹੈ। ਬਾਬੇ ਨਾਨਕ ਕੋਲ ਘੱਟ ਸ਼ਬਦਾਂ ਵਿੱਚ ਬਹੁਤ ਵੱਡਾ ਫਲਸਫਾ ਪੇਸ਼ ਕਰਨ ਦੀ ਮੁਹਾਰਤ ਸੀ। ਜਿਵੇਂ:- 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਅਰਥ ਹੈ ਹਵਾ ਗੁਰੂ ਸਮਾਨ ਹੈ, ਜੋ ਜੀਵਾਂ ਨੂੰ ਜੀਵਨ ਦਾਨ ਦਿੰਦੀ ਹੈ, ਪਾਣੀ ਪਿਤਾ ਵਾਂਗ ਪਾਲਣਾ ਕਰਦਾ ਹੈ ਅਤੇ ਵੱਡੀ ਧਰਤੀ ਸਭ ਦੀ ਮਾਂ ਹੈ, ਜੋ ਸਭ ਨੂੰ ਆਸਰਾ ਦਿੰਦੀ ਹੈ।

ਵਿਦਿਆ ਦੇ ਗੁਣਾਂ ਬਾਰੇ ਬਾਬੇ ਨਾਨਕ ਦਾ ਇੱਕ ਹੋਰ ਸ਼ਬਦ ਹੈ:- 'ਪੜਿ ਪੜਿ ਪਾਵਹਿ ਮਾਨੁ, ਵਿਦਿਆ ਵਿਖਮੁ ਵਿਚਾਰ॥' ਇਸ ਦਾ ਅਰਥ ਹੈ ਕਿ ਪਰਮ ਮਨੁੱਖ ਦੇ ਨਾਮ ਦੀ ਆਤਮਿਕ ਵਿਦਿਆ ਨੂੰ ਵਿਚਾਰਨਾ ਅਤੇ ਉਸ 'ਤੇ ਅਮਲ ਕਰਨਾ ਭਾਵੇਂ ਬਹੁਤ ਔਖਾ ਹੈ, ਪਰ ਜੋ ਮਨੁੱਖ ਇਸ ਨੂੰ ਵਾਰ-ਵਾਰ ਪੜ੍ਹਦਾ ਤੇ ਸਮਝਦਾ ਹੈ, ਉਹ ਜੀਵਨ ਵਿੱਚ ਆਦਰ-ਮਾਣ ਹਾਸਲ ਕਰ ਲੈਂਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁਜੀ ਸਾਹਿਬ ਵਿੱਚ ਦਰਜ ਹੈ: 'ਸੁਣਿਐ ਸਤੁ ਸੰਤੋਖੁ ਗਿਆਨੁ॥' ਭਾਵ ਨਾਮ ਦੇ ਸੁਣਨ ਕਰਕੇ ਸਤ (ਸੱਚ), ਸੰਤੋਖ (ਸਬਰ) ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਬਾਬਾ ਨਾਨਕ ਅੱਗੇ ਫਰਮਾਉਂਦੇ ਹਨ: ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭ ਅਹੰਕਾਰ॥' ਇਸ ਸ਼ਬਦ ਦਾ ਅਰਥ ਇਹ ਹੈ ਕਿ ਉਸ ਪੜ੍ਹੇ-ਲਿਖੇ ਵਿਦਵਾਨ ਨੂੰ ਵੀ ਮੂਰਖ ਆਖਣਾ ਚਾਹੀਦਾ ਹੈ, ਜਿਸ ਦੇ ਅੰਦਰ ਲਾਲਚ, ਲੋਭ ਅਤੇ ਹੰਕਾਰ ਭਰਿਆ ਹੈ। ਬਾਬੇ ਨਾਨਕ ਦੀ ਬਾਣੀ ਕਹਿੰਦੀ ਹੈ ਕਿ ਪੜਿਆ ਨਾਹੀ ਭੇਦੁ ਬੁਝਿਐ ਪਾਲਣਾ॥ ਦਾ ਅਰਥ ਹੈ ਕਿ ਕੇਵਲ ਪਾਠ ਕਰਨ ਨਾਲ ਜਾਂ ਪੜ੍ਹਨ ਨਾਲ ਭੇਤ ਜਾਂ ਰਮਜ਼ ਸਮਝ ਨਹੀਂ ਆਉਂਦੀ, ਜੀਵਨ ਵਿੱਚ ਵਿਚਾਰ ਕੇ ਅਤੇ ਸਮਝ ਕੇ ਸਰਵ ਉੱਚ ਸ਼ਕਤੀ ਦੀ ਪ੍ਰਾਪਤੀ ਹੋ ਸਕਦੀ ਹੈ। ਸ੍ਰੀ ਗੁਰੂ ਰਾਮਦਾਸ ਦੀ ਬਾਣੀ ਗਿਆਨ ਬਾਰੇ ਕਹਿੰਦੀ ਹੈ ਗਿਆਨ ਪ੍ਰਚੰਡ ਬਲਿਆ ਘਟਿ ਚਾਨਣੁ ਜਿਸ ਦਾ ਅਰਥ ਹੈ: 'ਗਿਆਨ ਦਾ ਤੇਜ਼ ਪ੍ਰਕਾਸ਼ ਹੁੰਦਾ ਹੈ ਤਾਂ ਉਸ ਦੇ ਹਿਰਦੇ ਵਿੱਚੋਂ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ। ਬਾਬਾ ਨਾਨਕ, 'ਗਿਆਨ ਖੰਡ ਮਹਿ ਗਿਆਨ ਪ੍ਰਚੰਡ' ਪੰਕਤੀਆਂ ਵਿੱਚ ਆਖਦੇ ਹਨ ਕਿ ਗਿਆਨ ਦੀ ਅਵਸਥਾ ਵਿੱਚ ਗਿਆਨ ਪ੍ਰਕਾਸ਼ ਬਹੁਤ ਤੇਜ਼, ਪ੍ਰਬਲ ਜਾਂ ਬਲਵਾਨ ਹੁੰਦਾ ਹੈ।

'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਇਹ ਪਾਵਨ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਾਗ ਆਸਾ ਵਿੱਚ ਦਰਜ ਹੈ । ਇਸ ਦਾ ਅਰਥ ਹੈ, ਜੇ ਕੋਈ ਮਨੁੱਖ ਅਸਲੀ ਵਿਦਿਆ ਪੜ੍ਹਦਾ ਹੈ, ਸਮਝਦਾ ਹੈ ਅਤੇ ਉਸ ਉੱਤੇ ਵਿਚਾਰ ਕਰਦਾ ਹੈ, ਤਾਂ ਉਹ ਦੂਜਿਆਂ ਦਾ ਭਲਾ ਕਰਨ ਵਾਲਾ ਬਣ ਜਾਂਦਾ ਹੈ। ਅਸਲੀ ਗਿਆਨ ਮਨੁੱਖ ਨੂੰ ਹੰਕਾਰੀ ਨਹੀਂ ਬਣਾਉਂਦਾ ਸਗੋਂ ਨਿਗਰ ਅਤੇ ਲੋਕ ਭਲਾਈ ਵੱਲ ਪ੍ਰੇਰਿਤ ਕਰਦਾ ਹੈ।

# ਸੰਪਰਕ : 98760-78731

